# ਅੰਮ੍ਰਿਤ ਕੀਰਤਨ





ਆਨਰੇਰੀ ਸੰਪਾਦਕ : ਡਾ. ਜਾਗੀਰ ਸਿੰਘ

ਮਾਰਚ 1999 ਮੁੱਲ : 10 ਰੁਪਏ

# ੴ
# ਅੰਮ੍ਰਿਤ ਕੀਰਤਨ

ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

ਅੰਕ 3 ◆ ਸਾਲ ਗਿਆਰਵਾਂ ◆ ਮਾਰਚ 1999


ਮਿਤ੍ਰ ਅਸਾਡੜੇ ਸੇਈ 2

ਕਰਉ ਬੇਨੰਤੀਆ 3

ਤਿੰਨ ਤਾਲ-16 ਮਾਤ੍ਰਾਵਾਂ 4
ਹਰਭਜਨ ਸਿੰਘ ਧਾਰੀਵਾਲ

ਅੰਬਰ ਤੇ ਇਕ ਨੀਲਾ ਘੋੜਾ 8
ਡਾ. ਬਲਬੀਰ ਸਿੰਘ ਦਿਲ

ਦਸਤਾਵੇਜ਼ੀ ਕਿਰਤ-ਸਿੱਖ ਕੀਰਤਨ ਮਰਿਯਾਦਾ 9
ਬ. ਸ. ਰਤਨ

ਸਾਰੰਗੀ 11
ਡਾ. ਮੇਵਾ ਸਿੰਘ ਸਿੱਧੂ

ਕੀਰਤਨ 13
ਬੇਦੀ ਲਾਲ ਸਿੰਘ ਸਾਹਿਤਕਾਰ

ਗੁਰਬਾਣੀ ਸੰਗੀਤ ਦੇ ਗੁਣੀ ਗਿਆਨੀ
ਸ੍ਰ: ਦਲਜੀਤ ਸਿੰਘ ਜੀ 15
ਡਾ. ਮਨਵਿੰਦਰ ਕੌਰ

ਅੰਤਰਰਾਸ਼ਟਰੀ ਸਿੰਧੀ ਗੁਰਬਾਣੀ ਕੀਰਤਨ ਯਾਤਰਾ 17
ਰਾਜ ਸੇਠੀ

ਹੋਲਾ - ਮਹੱਲਾ 18
ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ

ਹਰਿ ਕੀਰਤਨ 19
ਪ੍ਰੋ. ਪਿਆਰਾ ਸਿੰਘ ਪਦਮ

ਕੀਰਤਨ ਕਰਨ ਵਾਲਿਆਂ ਦੀ ਸੇਵਾ ਵਿੱਚ 26
ਡਾ. ਗੁਰਬਖਸ਼ ਸਿੰਘ ਵਾਸ਼ਿੰਗਟਨ

ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ 27

ਸੁਰ ਲਿਪੀਆਂ 28

ਗੁਰਮੁਖ ਢੂਂਢ ਢੂਂਢੇਦਿਆਂ (Free Matrimonial Service) 31



ਆਨਰੇਰੀ ਸੰਪਾਦਕ
**ਡਾ. ਜਾਗੀਰ ਸਿੰਘ**
ਐਮ. ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ)
ਪੀ.ਐਚ.ਡੀ.

ਕਾਰਜਕਾਰੀ ਸੰਪਾਦਕ
**ਡਾ. ਤ੍ਰਿਲੋਚਨ ਸਿੰਘ ਤਰਸੀ**

ਸਹਿਯੋਗੀ
**ਸ. ਹਰਭਜਨ ਸਿੰਘ ਚੋਪੜਾ**
**ਸ. ਜੋਤਿੰਦਰ ਸਿੰਘ ਸੋਹਲ**
**ਡਾ. ਕਰਨੈਲ ਸਿੰਘ ਸੋਮਲ**
**ਸ. ਉੱਤਮ ਸਿੰਘ**
**ਪ੍ਰੋ. ਸਤਵਿੰਦਰ ਸਿੰਘ**

ਚਿੱਤਰਕਾਰ
**ਗੁਰਦੀਪ ਸਿੰਘ ਦੀਪ**

ਲੇ ਆਉਟ
**ਸੋਹਲ ਸਪੈਸ਼ਲਸ**

**ਸਰਪ੍ਰਸਤ**
ਭਾਈ ਹੀਰਾ ਸਿੰਘ ਮੈਮੋਰੀਅਲ ਟ੍ਰਸਟ (ਰਜਿ:)
1051, ਸੈਕਟਰ 27-ਬੀ, ਚੰਡੀਗੜ੍ਹ
ਫੋਨ : 650696


'ਅੰਮ੍ਰਿਤ ਕੀਰਤਨ' ਲਈ ਚੈੱਕ/ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ ।


**ਚਿੱਠੀ ਪੱਤਰ ਲਈ ਪਤਾ**
ਅੰਮ੍ਰਿਤ ਕੀਰਤਨ ਟ੍ਰਸਟ ਰਜਿ.
422, ਸੈਕਟਰ 15-ਏ,
ਚੰਡੀਗੜ੍ਹ - 160 015



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਿਰਜ਼ ਅਤੇ ਸਟੇਸ਼ਨਰਜ਼ ਐਸ.ਸੀ.ਐਫ 107, ਫੇਜ਼ -7, ਮੋਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ ।


**ਚੰਦੇ ਦਾ ਵੇਰਵਾ**

| | |
|---|---|
| ਇਕ ਕਾਪੀ | 10 ਰੁ: |
| ਸਲਾਨਾ | 100 ਰੁ: |
| ਜੀਵਨ ਮੈਂਬਰ (15 ਸਾਲ) | 1000 ਰੁ: |
| ਵਿਦੇਸ਼ ਸਲਾਨਾ | 20 $ |
| ਜੀਵਨ ਮੈਂਬਰ (15 ਸਾਲ) | 200 $ |

**ਇਸ਼ਤਿਹਾਰਾਂ ਦਾ ਵੇਰਵਾ**

| | |
|---|---|
| ਪਿਛਲਾ ਕਵਰ | 3000 ਰੁ: |
| ਕਵਰ ਦੇ ਅੰਦਰਲੇ ਪੰਨੇ | 2000 ਰੁ: |
| ਸਧਾਰਨ ਪੂਰਾ ਪੰਨਾ | 1000 ਰੁ: |

ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਮਿਤ੍ਰ ਅਸਾਡੜੇ ਸੇਈ

★ ਵਾਹਿਗੁਰੂ ਅੱਗੇ ਅਰਦਾਸ ਹੈ ਕਿ 'ਅੰਮ੍ਰਿਤ ਕੀਰਤਨ' ਦਾ ਸਮੂਹ ਪਰਿਵਾਰ ਚੜ੍ਹਦੀ ਕਲਾ ਵਿੱਚ ਰਹਿ ਕੇ ਸੇਵਾ ਕਰਦਾ ਰਹੇ।

**ਅਰਵਿੰਦਰ ਸਿੰਘ / ਲੁਧਿਆਣਾ**

★ 'ਅੰਮ੍ਰਿਤ ਕੀਰਤਨ' ਮੈਗਜ਼ੀਨ ਦੀ ਦਿੱਖ ਬਹੁਤ ਚੰਗੀ ਹੋ ਗਈ ਹੈ। ਇਸ ਵਿੱਚ ਪੜ੍ਹਨ ਸਮੱਗਰੀ ਵਧੀ ਤਾਂ ਹੈ ਪਰ ਇਹ ਘਾਟ ਅਜੇ ਵੀ ਮਹਿਸੂਸ ਹੁੰਦੀ ਹੈ ਕਿ ਸੰਗੀਤ ਅਤੇ ਕੀਰਤਨ ਬਾਰੇ ਨਿਗਰ ਜਾਣਕਾਰੀ ਘਟ ਛਪਦੀ ਹੈ। ਮੇਰੀ ਇੱਛਾ ਹੈ ਕਿ ਹੌਲੀ ਹੌਲੀ ਇਸ ਦਾ ਸੰਗੀਤ ਪੱਧਰ ਉਚਾ ਅਤੇ ਵਿਸ਼ਾਲ ਕੀਤਾ ਜਾਵੇ। ਜਿਸ ਪੱਧਰ ਤੇ ਕਦੇ ਹਾਥਰਸ ਯੂ.ਪੀ. ਤੋਂ ਛਪਣ ਵਾਲਾ ਹਿੰਦੀ ਮੈਗਜ਼ੀਨ 'ਸੰਗੀਤ' ਹੁੰਦਾ ਸੀ।

ਆਸਾ ਦੀ ਵਾਰ ਕੀਰਤਨ ਗੁਰੂ ਘਰ ਵਿੱਚ ਰਾਗ ਆਸਾ ਤੋਂ ਇਲਾਵਾ ਅੰਮ੍ਰਿਤ ਵੇਲੇ ਦੇ ਹੋਰ ਰਾਗਾਂ ਜਿਵੇਂ ਭੈਰਉ, ਭੈਰਵੀ, ਆਸਾਵਰੀ, ਜਿਲਹਾ, ਸਿੰਧੜਾ ਆਦਿ ਵਿੱਚ ਵੀ ਗਾਉਣ ਦੀ ਪਰੰਪਰਾ ਰਹੀ ਹੈ। ਪਰ ਭਾਈ ਕਾਹਨ ਸਿੰਘ ਨਾਭਾ ਇਕ ਥਾਂ ਲਿਖਦੇ ਹਨ ਕਿ ਪੁਰਾਤਨ ਰਾਗੀ ਆਸਾ ਦੀ ਵਾਰ ਦੇ ਚੌਵੀ ਛੰਤ ਰਾਗ ਆਸਾ ਵਿਚ ਅਲੱਗ ਅਲੱਗ 24 ਰੀਤਾਂ ਵਿੱਚ ਗਾਉਂਦੇ ਸਨ। ਪਰ ਅੱਜਕੱਲ ਇਸ ਤਰਾਂ ਗਾਉਣ ਵਾਲਾ ਕੋਈ ਰਾਗੀ ਨਹੀਂ ਮਿਲਦਾ। ਜੇ ਹੋ ਸਕੇ ਤਾਂ ਰਾਗ ਆਸਾ ਦੀ ਇੱਕ ਵਖਰੀ ਰੀਤ ਹਰ ਮਹੀਨੇ ਲਿਪੀ ਬੱਧ ਕਰਕੇ ਛਾਪੀ ਜਾਵੇ। ਸ਼ਾਇਦ ਰਾਗੀਆਂ ਨੂੰ ਇਸ ਤੋਂ ਪਰੇਰਨਾ ਮਿਲ ਸਕੇ।

**ਅਫ਼ਰ ਸਿੰਘ / ਬੰਬਈ**

★ 'ਅੰਮ੍ਰਿਤ ਕੀਰਤਨ' ਦੀ ਜਿਤਨੀ ਤਾਰੀਫ ਕਰੋ ਥੋਹੜੀ ਹੈ। ਆਪ ਦੀ ਤੰਦਰੁਸਤੀ ਅਤੇ ਅੰਮ੍ਰਿਤ ਕੀਰਤਨ ਦੀ ਚੜ੍ਹਦੀ ਕਲਾ ਲਈ ਅਰਦਾਸ ਕਰਦੀ ਹਾਂ।

**ਅਜੀਤ ਕੌਰ / ਚੰਡੀਗੜ੍ਹ**

★ ਜਨਵਰੀ ਅੰਕ ਵਿਚ ਭਾਈ ਬਲਦੇਵ ਸਿੰਘ ਨਿਹੰਗ, ਬੇਦੀ ਲਾਲ ਸਿੰਘ ਸਾਹਿਤਕਾਰ ਦੇ ਲੇਖ ਪਸੰਦ ਆਏ। ਸ੍ਰ. ਹਰਜਾਪ ਸਿੰਘ ਔਜਲਾ ਨੇ ਭਾਈ ਸਮੁੰਦ ਸਿੰਘ ਰਾਗੀ ਬਾਰੇ ਲੇਖ ਲਿਖ ਕੇ ਸਾਡੇ ਗਿਆਨ ਵਿੱਚ ਵਾਧਾ ਕੀਤਾ ਹੈ। ਡਾ. ਜਸਬੀਰ ਸਿੰਘ ਸਰਨਾ ਜੰਮੂ ਕਸ਼ਮੀਰ ਦੇ ਕੀਰਤਨੀਆਂ ਬਾਰੇ ਲਿਖੇ ਕੇ ਉਥੋਂ ਦੇ ਵਿਦਵਾਨ ਕੀਰਤਨੀਆਂ ਦੀ ਸਿੱਖੀ ਖੇਤਰ ਵਿੱਚ ਦੇਣ ਨੂੰ ਸਹੀ ਢੰਗ ਨਾਲ ਦਰਸਾ ਰਹੇ ਹਨ।

**ਪ੍ਰੋ. ਐਸ. ਐਸ. ਸਚਦੇਵਾ / ਮਲੋਟ**

★ 'ਅੰਮ੍ਰਿਤ ਕੀਰਤਨ' ਪਰਚਾ ਜਦ ਘਰ ਆਉਂਦਾ ਹੈ
ਸਭਨਾਂ ਨੂੰ ਇਹ ਸ਼ੁਭ ਸੰਦੇਸ਼ ਸੁਣਾਉਂਦਾ ਹੈ।
ਕਹਿੰਦਾ ਪ੍ਰਣ ਕਰੋ ਕਿ ਮਨਮਤ ਤਜਣਾ ਹੈ
ਅੰਮ੍ਰਿਤ ਖੰਡੇ ਦਾ ਛਕਣਾ ਤੇ ਸਿੰਘ ਸੱਜਣਾ ਹੈ।
ਸਿੰਘੋ ਅੰਮ੍ਰਿਤ ਵੇਲਾ, ਕਦੇ ਖੁੰਝਾਉਣਾ ਨਹੀਂ
ਸਤਿ ਸੰਗ ਕਰਨਾ ਸਭਨੇ, ਨਾਗਾ ਪਾਉਣਾ ਨਹੀਂ।
ਬੜਾ ਹੀ ਅਜਬ ਸੁਹੇਲਾ, ਅੰਮ੍ਰਿਤ ਵੇਲਾ ਹੈ
ਅੰਮ੍ਰਿਤ ਵੇਲੇ ਜੁੜਦਾ ਗੁਰਮਤਿ ਮੇਲਾ ਹੈ।
ਉਦਮ ਕਰੋ ਹਰ ਰੋਜ ਤੇ ਨਿੱਤਨੇਮ ਕਰੋ
ਕੁਦਰਤ ਦੀ ਸਾਜੀ ਖਲਕਤ ਨਾਲ ਪ੍ਰੇਮ ਕਰੋ।
ਅੰਮ੍ਰਿਤ ਵੇਲੇ ਕੀਰਤਨ ਮਨ ਵਿੱਚ ਵਸ ਜਾਂਦਾ
ਅਭਿਲਾਸ਼ੀ ਦੇ ਲੂੰ ਲੂੰ ਦੇ ਵਿੱਚ ਧਸ ਜਾਂਦਾ।
ਮਨ ਚਿਤ ਲਾ ਕੇ ਕੀਰਤਨ ਸਰਵਣ ਕਰਨਾ ਹੈ
ਕੀਰਤਨ ਰਾਹੀਂ ਭਉਜਲ ਸਾਗਰ ਤਰਨਾ ਹੈ।
ਬੇਸ਼ਕ ਏਸ ਮਸ਼ੀਨੀ ਯੁੱਗ ਵਿੱਚ ਵਿਹਲ ਨਹੀਂ
ਘਰ ਗ੍ਰਹਿਸਥੀ ਦਾ ਬੋਝ ਉਠਾਉਣਾ ਖੇਲ ਨਹੀਂ।
ਫਿਰ ਵੀ ਸਿਦਕੀ ਗੁਰੂ ਘਰ ਹਾਜਰੀ ਭਰਦੇ ਨੇ
ਕੀਰਤਨ ਸੁਣਦੇ ਹਰਿ ਕਾ ਸਿਮਰਨ ਕਰਦੇ ਨੇ।
ਪ੍ਰਭੂ ਮਿਲਣੇ ਦੀ ਕੀਰਤਨ ਜੀਵਨ ਜੁਗਤੀ ਹੈ
ਸੇਵਾ ਸਿਮਰਨ ਵਿੱਚ ਗੁਰਸਿੱਖ ਦੀ ਮੁਕਤੀ ਹੈ।

**ਸੰਤਾ ਸਿੰਘ ਆਜਿਜ਼ / ਲੁਧਿਆਣਾ**

★ ਗੁਰੂ ਕਿਰਪਾ ਸਦਕਾ ਜੋ ਪਵਿੱਤਰ ਸੋਚ ਲੈ ਕੇ ਇਸ ਮੈਗਜ਼ੀਨ ਰਾਹੀਂ ਖਾਲਸਾ ਪੰਥ ਤੇ ਖਾਸ ਕਰਕੇ ਅਜਕਲ ਦੇ ਰਾਗੀ ਜੱਥਿਆਂ ਰੂਪੀ ਸਾਡੇ ਪ੍ਰਚਾਰਕਾਂ ਨੂੰ ਰਾਗਾਂ ਤੇ ਆਧਾਰਿਤ ਕੀਰਤਨ ਕਰਨ ਲਈ ਜੋ ਲੋੜੀਦੇਂ ਗਿਆਨ ਤੇ ਪ੍ਰੇਰਣਾ ਵਜੋਂ ਉਪਰਾਲਾ ਕਰ ਰਹੇ ਹੋ, ਬੇਅੰਤ ਸਲਾਘਾਯੋਗ ਹੈ। ਇਸ ਪਵਿੱਤਰ ਕਾਰਜ ਲਈ ਸਿੱਖ ਕੌਮ ਆਪ ਦੀ ਰਿਣੀ ਹੈ। ਸਾਡੀ ਵਾਹਿਗੁਰੂ ਜੀ ਦੇ ਚਰਨਾਂ ਵਿੱਚ ਇਹੀ ਅਰਦਾਸ ਹੈ ਸਤਿਗੁਰ ਆਪ ਨੂੰ ਹੋਰ ਸਮਰਥਾ ਬਖਸ਼ਣ ਤੇ ਆਪ ਵੱਧ ਚੜ੍ਹਕੇ ਸਿੱਖ ਪੰਥ ਦੀ ਸੇਵ ਵਿਚ ਲੱਗੇ ਰਹੋ।

**ਹਰਦਿਆਲ ਸਿੰਘ / ਵੀਰਭਦਰਾ (ਰਿਸ਼ੀਕੇਸ਼)**

**ਜੇ ਤੁਹਾਨੂੰ 'ਅੰਮ੍ਰਿਤ ਕੀਰਤਨ' ਚੰਗਾ ਲਗਦਾ ਹੈ ਤਾਂ ਇਸ ਦੇ ਹੋਰ ਮੈਂਬਰ ਬਣਾਓ, ਨਹੀਂ ਤਾਂ ਇਸ ਨੂੰ ਹੋਰ ਚੰਗਾ ਬਣਾਉਣ ਲਈ ਸੁਝਾਅ ਭੇਜੋ।**

## ਵੱਡੇ ਬੰਦੇ ਵੱਡੀਆਂ ਗੱਲਾਂ

ਪਿਛਲੇ ਦਿਨੀਂ ਪਾਕਿਸਤਾਨ ਟੀ.ਵੀ. ਦੇਖ ਰਿਹਾ ਸਾਂ। ਟੀ. ਵੀ ਉਪਰ ਪ੍ਰਸਿੱਧ ਕਲਾਸਿਕਲ ਗਾਇਕ ਜੋੜੀ 'ਨਜ਼ਾਕਤ-ਸਲਾਮਤ' ਵਾਲੇ ਸਲਾਮਤ ਖਾਂ ਸਾਹਿਬ ਟੀ.ਵੀ. ਉੱਤੇ ਬੈਠੇ ਸਨ। ਲਕਵੇ ਨਾਲ ਉਹਨਾਂ ਦਾ ਮੂੰਹ ਕੁਝ ਟੇਢਾ ਲਗ ਰਿਹਾ ਸੀ। ਕੁਝ ਹੋਰ ਦਰਸ਼ਕ ਉੱਥੇ ਬੈਠੇ ਸਨ। ਪ੍ਰੋਗਰਾਮ ਸੰਚਾਲਕ ਕਦੀ ਖਾਂ ਸਾਹਿਬ ਨੂੰ ਬੋਲਣ ਲਈ ਕਹਿੰਦਾ ਕਦੀ ਦਰਸ਼ਕਾਂ ਕੋਲੋਂ ਉਹਨਾਂ ਦੇ ਪ੍ਰਭਾਵਾਂ ਬਾਰੇ ਪੁੱਛਦਾ। ਲੋਕਾਂ ਨੇ ਉਹਨਾਂ ਦੇ ਪਿਤਾ ਅਤੇ ਉਹਨਾਂ ਦੀ ਗਾਇਕੀ ਦੀਆਂ ਕਈ ਯਾਦਾਂ ਸੁਣਾਈਆਂ। ਕਈ ਵਾਰ ਹਰਿਬਲਭ ਦੇ ਸੰਗੀਤ ਮੇਲੇ ਦਾ ਜ਼ਿਕਰ ਆਇਆ। ਕਿਸੇ ਨੇ ਉਹਨਾਂ ਦੇ ਵੱਡੇ ਖਿਆਲ ਦੀ ਗਾਇਕੀ ਦਾ ਜ਼ਿਕਰ ਕੀਤਾ, ਕਿਸੇ ਨੇ ਉਹਨਾਂ ਦੀਆਂ ਸੁੰਦਰ, ਲੜੀ ਦਾਰ ਸਾਫ ਸੁਥਰੀਆਂ ਬਰੀਕ ਮੋਤੀਆਂ ਦੀ ਮਾਲਾ ਵਰਗੀਆਂ ਤਾਨਾਂ ਦਾ ਜ਼ਿਕਰ ਕੀਤਾ।

'ਨਜ਼ਾਕਤ-ਸਲਾਮਤ' ਦੀ ਗਾਇਕੀ ਵੀ ਕਮਾਲ ਦੀ ਗਾਇਕੀ ਹੈ। ਇਹ ਜੋੜੀ ਭਾਂਵੇਂ ਮੈਂ ਸਾਹਮਣੇ ਬੈਠ ਕੇ ਨਹੀਂ ਸੁਣੀ, ਕੈਸਟ ਟੇਪਾਂ ਹੀ ਸੁਣੀਆਂ ਹਨ ਜਾਂ ਰੇਡੀਓ ਤੋਂ ਸੁਣਿਆ ਹੈ। ਉਸ ਨੂੰ ਸੁਣਦਿਆਂ ਇੰਜ ਲਗਦਾ ਜਿਵੇਂ ਇਕ ਭਰਾ ਤਾਰ ਬਣਾਉਂਦਾ ਹੈ ਤਾਂ ਦੂਜਾ ਉਸ ਵਿੱਚ ਮੋਤੀ ਪਰੋ ਦਿੰਦਾ ਹੈ। ਇਕ ਕੈਨਵੱਸ ਤੇ ਇਕ ਲਕੀਰ ਖਿਚਦਾ ਤਾਂ ਦੂਜਾ ਚਿੱਤਰਕਾਰੀ ਕਰ ਦਿੰਦਾ ਹੈ।

ਲੈਅਕਾਰੀ ਵੀ ਕਮਾਲ ਦੀ, ਕਿਸੇ ਵੀ ਲੈਅ ਚਾਹੇ ਉਹ ਵਿਲੰਬਤ ਹੋਵੇ, ਚਾਹੇ ਦਰੁਤ ਹੋਵੇ ਉਹਨਾਂ ਦਾ ਕਾਬੂ ਉਸ ਉਪਰ ਹੁੰਦਾ ਹੈ। ਕਿਸੇ ਵੀ ਮਾਤਰਾ ਤੋਂ ਚੁੱਕ ਕੇ ਤਿਹਾਈ ਮਾਰਨੀ। ਲੋਕਾਂ ਨੂੰ ਚਕਰਿਤ ਕਰ ਦੇਣਾ। ਗੰਭੀਰ ਤੋਂ ਗੰਭੀਰ ਅਤੇ ਚੰਚਲ ਤੋਂ ਚੰਚਲ ਪ੍ਰਭਾਵ ਦਿੰਦੀ ਗਾਇਕੀ ਇਹਨਾਂ ਦੀ ਵਿਸ਼ੇਸ਼ਤਾ ਰਹੀ ਹੈ। ਇਹ ਆਪਣੀ ਮਿਸਾਲ ਆਪ ਹੀ ਸਨ। ਇਸ ਰੂ-ਬ-ਰੂ ਵਿਚ ਹੋਰ ਗੱਲਾਂ ਦੇ ਨਾਲ ਉਹਨਾਂ ਦੀ ਚੁਟਕਲੇ ਬਾਜ਼ੀ ਤੇ ਵੀ ਗੱਲਾਂ ਚਲਦੀਆਂ ਰਹੀਆਂ। ਇਕ ਗੱਲ ਨਾਲ ਮੇਰੇ ਮਨ ਵਿਚ ਉਹਨਾਂ ਦਾ ਕੱਦ ਬੜਾ ਵੱਡਾ ਹੋ ਗਿਆ।

ਖਾਂ ਸਾਹਿਬ ਨੇ ਦੱਸਿਆ ਕਿ ਉਹਨਾਂ ਦੇ ਕੁਝ ਗਾਣੇ ਰਿਕਾਰਡ ਵੀ ਹੋਏ ਹਨ। ਕੁਝ ਗਾਣੇ ਲਤਾ ਮੰਗੇਸ਼ਕਰ ਨਾਲ ਵੀ ਰਿਕਾਰਡ ਹੋਏ ਹਨ। ਉਹ ਦੱਸ ਰਹੇ ਸਨ ਕਿ ਇਕ ਗਾਣੇ ਵਿੱਚ ਮੈਂ ਬੜੀ ਬਿਖੜੀ ਤਾਨ ਗਾਈ ਤੇ ਇਕ ਚੁਣੌਤੀ ਦੀ ਤਰ੍ਹਾਂ ਲਤਾ ਵੱਲ ਵੇਖਿਆ ਕਿ ਇਹ ਤਾਨ ਹੁਣ ਨਹੀਂ ਗਾ ਸਕੇਗੀ ਪਰ ਮੇਰੀ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਉਸ ਨੇ ਬੜੀ ਆਸਾਨੀ ਨਾਲ ਹੀ ਉਹ ਬਿਖੜੀ ਤਾਨ ਗਾ ਦਿੱਤੀ।

ਇਹ ਰੂ-ਬ-ਰੂ ਦੇਖਦਿਆਂ ਮੈਨੂੰ ਖਾਂ ਸਾਹਿਬ ਬੜੇ ਗੁਲਾਮ ਅਲੀ ਖਾਂ ਸਾਹਿਬ ਬਾਰੇ ਸੁਣਿਆ ਇਕ ਵਾਕਿਆ ਯਾਦ ਆ ਗਿਆ। ਕਹਿੰਦੇ ਹਨ ਬੜੇ ਗੁਲਾਮ ਅਲੀ ਖਾਂ ਸਾਹਿਬ ਕਿਤੇ ਬਾਜ਼ਾਰ ਵਿੱਚ ਲੰਘ ਰਹੇ ਸਨ। ਰੇਡੀਓ ਉੱਤੇ ਲਤਾ ਦਾ ਕੋਈ ਗਾਣਾ ਵੱਜਣਾ ਸ਼ੁਰੂ ਹੋ ਗਿਆ। ਖਾਂ ਸਾਹਿਬ ਉਥੇ ਖੜੇ ਹੋ ਕੇ ਸੁਣਨ ਲੱਗ ਪਏ। ਗਾਣਾ ਮੁਕਿਆ ਤਾਂ ਕਿਸੇ ਪੁੱਛਿਆ ਕਿ ਤੁਸੀਂ ਵੀ ਲਤਾ ਦਾ ਗਾਣਾ ਸੁਣਦੇ ਹੋ ਤਾਂ ਖਾਂ ਸਾਹਿਬ ਨੇ ਕਿਹਾ- "ਹਾਂ ! ਇਸ ਲਈ ਸੁਨਤਾ ਹੂੰ ਕਿ ਕਮਬਖ਼ਤ ਕਭੀ ਤੋ ਬੇਸੁਰੀ ਹੋਗੀ।"

ਵੱਡੇ ਬੰਦਿਆਂ ਦੀਆਂ ਵੱਡੀਆਂ ਗੱਲਾਂ ਹਨ। ਵੱਡੇ ਬੰਦੇ ਕਿਸੇ ਦੀ ਪ੍ਰਸ਼ੰਸਾ ਕਰਦਿਆਂ ਢਿੱਲ ਨਹੀਂ ਲਾਉਂਦੇ ਤੇ ਜੋ ਉਹ ਉਸ ਬਾਰੇ ਸਮਝਦੇ ਹਨ ਕਹਿ ਦਿੰਦੇ ਹਨ। ਇਕ ਵਾਰ ਬੜੇ ਗੁਲਾਮ ਅਲੀ ਖਾਂ ਸਾਹਿਬ ਨੇ ਅਮੀਰ ਖਾਂ ਸਾਹਿਬ ਦੀ ਗਾਇਕੀ ਬਾਰੇ ਕਿਹਾ ਸੀ - ਇਹ ਗਾਇਕੀ ਤਾਂ ਸਮੁੰਦਰ ਵਾਂਗ ਗਹਿਰੀ ਹੈ।

ਅਜਿਹੇ ਵੱਡੇ ਬੰਦਿਆਂ ਦੀਆਂ ਵੱਡੀਆਂ ਗੱਲਾਂ ਨੂੰ ਯਾਦ ਕਰਦੇ ਰਹਿਣਾ ਚਾਹੀਦਾ ਹੈ।

ਦਾਸ

[signature]

# ਤਿੰਨ ਤਾਲ-16 ਮਾਤ੍ਰਾਵਾਂ

**ਹਰਭਜਨ ਸਿੰਘ ਧਾਰੀਵਾਲ ***
ਐਮ. ਏ. (ਸੰਗੀਤ), ਬੀ. ਐਡ.
(ਤਬਲਾ ਨਿਵਾਜ਼)

ਤਬਲੇ ਦੇ ਵਰਣਾਂ ਦੀ ਨਿਕਾਸ ਵਿਧੀ, ਮੁੱਢਲੇ ਬੋਲਾਂ ਦਾ ਅਭਿਆਸ ਅਤੇ ਤਬਲੇ ਦੀ ਪ੍ਰਭਾਸ਼ਿਕ ਸ਼ਬਦਾਵਲੀ ਆਦਿ ਸੰਬੰਧੀ ਜਾਣਕਾਰੀ ਪਹਿਲਾਂ ਦਿੱਤੀ ਜਾ ਚੁੱਕੀ ਹੈ ਹੁਣ ਤਾਲਾਂ ਸੰਬੰਧੀ ਜਾਣਕਾਰੀ ਦੇਣ ਦਾ ਯਤਨ ਕਰ ਰਿਹਾ ਹਾਂ।

ਤਿੰਨ ਤਾਲ 16 ਮਾਤ੍ਰਾਂ ਦੀ ਤਾਲ ਹੈ। 4-4 ਮਾਤ੍ਰਾ ਦੇ 4 ਵਿਭਾਗ ਹੁੰਦੇ ਹਨ। ਪਹਿਲੀ, ਪੰਜਵੀ ਤੇ ਤੇਹਰਵੀਂ ਮਾਤ੍ਰਾ ਤੇ ਤਾਲੀ ਲਗਦੀ ਹੈ ਅਤੇ ਨੌਵੀ ਮਾਤ੍ਰਾ ਖਾਲੀ ਹੁੰਦੀ ਹੈ। ਇਹ ਚਤਸਤਰ ਜਾਤੀ ਦਾ ਤਾਲ ਹੈ। ਇਸ ਨੂੰ ਆਦਿ ਤਾਲ ਵੀ ਕਿਹਾ ਜਾਂਦਾ ਹੈ। ਉਸਤ਼ਾਦ ਸਾਹਿਬਾਨ ਤਬਲੇ ਦੀ ਸਿਖਲਾਈ ਤਿੰਨ ਤਾਲ ਤੋਂ ਹੀ ਸ਼ੁਰੂ ਕਰਦੇ ਹਨ। ਇਸ ਤਾਲ ਦਾ ਪ੍ਰਯੋਗ ਵੱਡਾ ਖਿਆਲ, ਛੋਟਾ ਖਿਆਲ, ਸ਼ਬਦ, ਭਜਨ, ਮਸੀਤਖਾਨੀ ਤੇ ਰਜਾਖਾਨੀ ਤੇ ਰਜਾਖਾਨੀ ਗਤਾਂ ਤੇ ਝਾਲਾ ਤੋਂ ਇਲਾਵਾ ਤਰਾਨੇ ਨਾਲ ਵੀ ਕੀਤਾ ਜਾਂਦਾ ਹੈ। ਇਸ ਦਾ ਠੇਕਾ ਇਸ ਪ੍ਰਕਾਰ ਹੈ :-

| | | | | | | | | |
|---|---|---|---|---|---|---|---|---|
| ਧਾ | ਧਿਨ | ਧਿਨ | ਧਾ \| | ਧਾ | ਧਿਨ | ਧਿਨ | ਧਾ | |
| x | | | | 2 | | | | |
| ਧਾ | ਤਿਨ | ਤਿਨ | ਤਾ \| | ਧਤਾ | ਧਿਨ | ਧਿਨ | ਧਾ | ਧਾ \| |
| 0 | | | | 3 | | | | x |

ਪ੍ਰਯੋਗਿਕ ਤੌਰ ਤੇ ਇਸ ਠੇਕੇ ਨੂੰ ਤਬਲੇ ਤੇ ਵਜਾਉਂਦੇ ਸਮੇ 'ਖੱਬੇ ਹੱਥ ਦੀ ਅਨਾਮਿਕਾ-ਮਧਿਅਮਾ ਤੇ ਤਰਜਨੀ ਦਾ ਪ੍ਰਯੋਗ ਵਾਰੋ ਵਾਰੀ ਕੀਤਾ ਜਾਂਦਾ ਹੈ। ਨੌਵੀਂ ਮਾਤ੍ਰਾ ਦਾ 'ਧ' ਅਨਾਮਿਕਾ ਤੇ ਮਧਿਅਮਾਂ ਨਾਲ ਅਤੇ ਚੌਦਵੀਂ ਮਾਤ੍ਰਾ ਦਾ 'ਧਾ' ਖੱਬੇ ਤੇ ਸੱਜੇ ਤਬਲੇ ਤੇ ਤਰਜਨੀ ਨਾਲ ਵਜੇਗਾ। ਬਾਕੀ ਦੀਆਂ ਦੋ ਮਾਤ੍ਰਾਵਾਂ ਵੀ ਵਾਰੋ ਵਾਰੀ ਅਘਾਤ ਕਰਨਗੀਆਂ। ਘੱਟ ਲੈਅ 'ਚ ਠੇਕੇ ਦਾ ਅਭਿਆਸ ਕਰਦੇ ਸਮੇਂ ਚੌਦਵੀਂ ਮਾਤ੍ਰਾ ਤੇ ਜ਼ੋਰ ਦੇਣ ਨਾਲ ਤੇਜ ਗਤੀ ਵਿੱਚ ਵੀ ਠੇਕੇ ਦਾ ਸਰੂਪ ਕਾਇਮ ਰਹਿੰਦਾ ਹੈ। ਜੇਕਰ ਮਸੀਤਖਾਨੀ ਗਤਾਂ ਆਦਿ ਨਾਲ ਇਸ ਠੇਕੇ ਦਾ ਵਿਲੰਬਿਤ ਲੈਅ ਵਿੱਚ ਪ੍ਰਯੋਗ ਕਰੀਏ ਤਾਂ ਠੇਕੇ ਨੂੰ ਸਹਾਇਕ ਬੋਲਾਂ ਨਾਲ ਭਰਦੇ ਹੋਏ ਠੇਕੇ ਦਾ ਸਰੂਪ ਕਾਇਮ ਰੱਖਣਾ ਪੈਂਦਾ ਹੈ। ਮੱਧ ਲੈਅ ਵਿਚ ਠੇਕੇ ਨੂੰ ਛੋਟੇ ਛੋਟੇ ਮੁਖੜਿਆਂ ਨਾਲ ਸ਼ਿੰਗਾਰਿਆ ਜਾਂਦਾ ਹੈ। ਦਰੁੱਤ ਲੈਅ 'ਚ ਪਹੁੰਚਦਿਆਂ ਹੀ ਠੇਕੇ ਦਾ ਸਰੂਪ ਭਾਵੇਂ ਉਹੀ ਰਹਿੰਦਾ ਹੈ ਪਰ ਸੱਜੇ ਤਬਲੇ ਦੇ ਨਿਕਾਸ ਵਿੱਚ ਫਰਕ ਪਾ ਦਿਤਾ ਜਾਂਦਾ ਹੈ। ਦੂਜੀ, ਛੇਵੀਂ ਤੇ ਚੌਦਵੀਂ ਮਾਤ੍ਰਾ ਦੇ 'ਧਿੰਨ' ਸੱਜੇ ਹੱਥ ਦੀ ਮਧਿਅਮਾਂ ਨਾਲ ਅਤੇ ਦਸਵੀਂ ਮਾਤ੍ਰਾ ਦਾ 'ਤਿੰਨ' ਵੀ ਸਿਆਹੀ ਤੇ ਮਧਿਅਮਾਂ ਦੇ ਪ੍ਰਯੋਗ ਨਾਲ ਵਜੇਗਾ। ਅਜਿਹੀ ਲੈਅ 'ਚ ਠੇਕੇ ਦਾ ਪ੍ਰਯੋਗ ਤਰਾਨੇ ਅਤੇ ਝਾਲੇ ਆਦਿ ਨਾਲ ਕੀਤਾ ਜਾਂਦਾ ਹੈ। ਇਕ ਗੱਲ ਹੋਰ ਵੀ ਖਿਆਲ ਵਿੱਚ ਰੱਖਣੀ ਪਵੇਗੀ ਜੇਕਰ ਚੌਦਵੀਂ ਮਾਤ੍ਰਾ ਤੇ ਜੋਰ ਨਹੀਂ ਦਿਆਗੇਂ ਤਾਂ ਇਸ ਦਾ ਸਰੂਪ ਧੁੰਦਲਾ ਹੀ ਨਹੀਂ ਸਗੋਂ ਕਹਰਿਵਾ ਤਾਲ ਵਰਗਾ ਪ੍ਰਤੀਤ ਹੋਏਗਾ। ਭਾਵੇਂ ਠੇਕਾ ਕਿਸੇ ਵੀ ਲੈਅ ਵਿੱਚ ਵੱਜ ਰਿਹਾ ਹੋਵੇ ਠੇਕੇ ਦੇ ਬੋਲ ਸ਼ੁਧ ਤੇ ਸਪਸ਼ਟ ਸੁਣਾਈ ਦੇਣੇ ਚਾਹੀਦੇ ਹਨ। ਜਿਸ ਕਾਰਨ ਠੇਕੇ 'ਚ ਮਿਠਾਸ ਤੇ ਸੁੰਦਰਤਾ ਕਾਇਮ ਰਹਿੰਦੀ ਹੈ।

ਪੰਜਾਬ ਵਿੱਚ ਤਿੰਨ ਤਾਲ ਦਾ ਠੇਕਾ ਅਲਗ ਪ੍ਰਕਾਰ ਦੀ ਵਿਸ਼ੇਸ਼ ਝੋਲੇ/ਚਲਨ ਅਨੁਸਾਰ ਵਜਾਉਣ ਕਰਕੇ ਵੀ ਜਾਣਿਆ ਜਾਂਦਾ ਹੈ। ਇਸ ਨੂੰ ਖਾਲੀ ਭਰੀ ਦਿਖਾਉਂਦੇ ਹੋਏ ਠੁਮਰੀ ਤੇ ਕਾਫੀਆਂ ਨਾਲ ਵੀ ਵਜਾਇਆ ਜਾਂਦਾ ਹੈ। ਜਿਸਨੂੰ ਅੱਧਾ ਤਿੰਨ ਤਾਲਾ, ਤਿੰਨ ਦੀ ਅਧੱਕ ਜਾਂ ਛੋਟਾ ਤਿੰਨ ਤਾਲ ਵੀ ਕਿਹਾ ਜਾਂਦਾ ਹੈ।

**ਪੰਜਾਬੀ ਠੇਕਾ ਤਿੰਨ ਤਾਲ :-**

| | | | | | | | | |
|---|---|---|---|---|---|---|---|---|
| ਧਾੜਾ | ਗਧਿ | -ਗ | ਧਾਗ \| | ਧਾੜਾ | ਗਧਿ | -ਗ | ਧਾਗ \| | |
| x | | | | 2 | | | | |
| ਧਾੜਾ | ਕਤਿ | -ਕ | ਤਾਕੇ \| | ਤਾੜਾ | ਗਧਿ | -ਗ | ਧਾਗ \| | ਧਾ |
| 0 | | | | 3 | | | | x |

ਤਬਲੇ ਤੋਂ ਪਹਿਲਾਂ ਪਖਾਵਾਜ / ਮ੍ਰਿਦੰਗ ਤੇ ਹੀ ਤਿੰਨ ਤਾਲ ਦਾ ਠੇਕਾ ਵਜਾਉਣ ਦਾ ਰਿਵਾਜ ਸੀ, ਕਿਉਂਕਿ ਪਖਾਵਜ ਸ਼ੈਲੀ ਦਾ ਅਧਾਰ ਹੀ ਪੰਜਾਬ-ਬਾਜ ਹੈ। ਇਸ ਲਈ ਇਸ ਠੇਕੇ ਨੂੰ ਤਬਲੇ ਤੇ ਵੀ ਵਜਾਇਆ ਜਾਂਦਾ ਹੈ। ਜੋ ਇਸ ਪ੍ਰਕਾਰ ਹੈ :-

| | | | | | | | | |
|---|---|---|---|---|---|---|---|---|
| ਧਾੜਾ | ਧਿਟ | ਧਿਟ | ਧਾਟ \| | ਧਾੜਾ | ਧਿਟ | ਧਿਟ | ਧਾਟ \| | |
| x | | | | 2 | | | | |
| ਧਾੜਾ | ਤਿਟ | ਤਿਟ | ਤਾਟ \| | ਤਾੜਾ | ਧਿਟ | ਧਿਟ | ਧਾਟ \| | ਧਾ |
| 0 | | | | 3 | | | | x |

ਇਸ ਠੇਕੇ ਦੇ ਅਖਰੀਲੇ ਭਾਗ ਵਿੱਚ ਤਿਟ ਕਤਾ ਗਦਿ ਗੇਨਾ ਧਾ ਵੀ ਵਜਾਇਆ ਜਾਂਦਾ ਹੈ।

ਤਬਲੇ ਦੇ ਵਿਕਾਸ ਸੰਬੰਧੀ ਜੇਕਰ ਇਤਿਹਾਸਕ ਝਾਤ ਮਾਰੀਏ ਤਾਂ ਪਤਾ ਲਗਦਾ ਹੈ ਕਿ ਅਠਾਰਵੀਂ ਸਦੀ ਤੋਂ ਧਰੁਵਪਦ ਦਾ ਸਥਾਨ ਖਿਆਲ ਗਾਇਨ ਸ਼ੈਲੀ ਨੇ, ਵੀਣਾਂ ਦਾ ਸਥਾਨ

* 1447/10, ਸੈਕਟਰ 65, ਐਸ.ਏ.ਐਸ. ਨਗਰ, ਚੰਡੀਗੜ੍ਹ

ਸਿਤਾਰ ਨੇ ਅਤੇ ਪਖਾਵਜ ਦਾ ਸਥਾਨ ਤਬਲਾ ਸਾਜ ਨੇ ਲੈਣਾ ਸ਼ੁਰੂ ਕੀਤਾ । ਤਬਲਾ ਤੇ ਸਿਤਾਰ ਦਾ ਵਿਕਾਸ ਸਮੇਂ ਨਾਲ ਸਮਾਂਨਤਰ ਚਲਦਾ ਆਇਆ ਹੈ। ਜਿਸ ਦੇ ਸਿੱਟੇ ਵਜੋਂ ਸਿਤਾਰ ਦੀ ਸੰਗੀਤ ਲਈ ਸਿਤਾਰਖਾਨੀ ਠੇਕਾ ਜੋ ਤਿੰਨ ਤਾਲ ਦੇ ਸਮਾਨ ਮਾਤ੍ਰਾ ਦਾ ਸੀ, ਸਤਾਰ ਖਾਂ ਵਲੋਂ ਇਜ਼ਾਦ ਕੀਤਾ ਗਿਆ।

ਕੁਝ ਲੋਕਾਂ ਦੇ ਮਤ ਅਨੁਸਾਰ "ਸੁਧਾਰ ਖਾਂ" ਨਾਮ ਦੀ ਤੁਕ ਵਿੱਚ ਤਬਲਾ ਅਵਿਸ਼ਕਾਰਕ ਸੁਧਾਰ ਖਾਂ ਦੇ ਅਸਲ ਨਾਮ ਦੀ ਖੋਜ 'ਸਤਾਰ ਖਾਂ' ਦੇ ਰੂਪ ਵਿੱਚ ਕੀਤੀ ਹੈ ਅਤੇ ਤਿੰਨ ਤਾਲ ਦੇ ਸੁਪ੍ਰਸਿੱਧ ਠੇਕੇ 'ਸਿਤਾਰਖਾਨੀ' ਦਾ ਸੰਬੰਧ ਸਿਤਾਰ ਖਾਂ ਨਾਲ ਜੋੜਦੇ ਹੋਏ ਉਸ ਦਾ ਮੂਲ ਨਾਮ ਸਿਤਾਰਖਾਨੀ ਠੇਕਾ ਦਸਿਆ ਹੈ।[1]

ਸਿਤਰਾਖਾਨੀ ਅਸਲ ਵਿੱਚ ਤਿੰਨ ਤਾਲ ਦੇ ਵਿਲੰਬਿਤ ਠੇਕੇ 'ਪੰਜਾਬੀ' ਜਿਸ ਨੂੰ ਪੰਜਾਬ ਵਿੱਚ ਲਾਹੌਰੀ ਠੇਕਾ ਕਿਹਾ ਜਾਂਦਾ ਹੈ, ਉਸ ਦਾ ਮੱਧ ਤੇ ਦ੍ਰਤ ਰੂਪ ਹੈ। ਇਸ ਪ੍ਰਕਾਰ ਪੰਜਾਬ ਜਾਂ ਲਾਹੌਰੀ ਠੇਕਾ ਥੋੜੇ ਬਹੁਤ ਪ੍ਰੀਵਰਤਨ ਨਾਲ ਮੱਧ ਜਾਂ ਦਰੁੱਤ ਲੈਅ ਵਿੱਚ ਵਜਾਏ ਜਾਣ ਤੇ ਸਿਤਾਰਖਾਨੀ ਠੇਕਾ ਕਹਾਉਂਦਾ ਹੈ। ਅਸਲ ਵਿਚ ਸਿਤਾਰਖਾਨੀ ਠੇਕੇ ਦੀ ਸਰੰਚਨਾ ਦਾ ਮੂਲ ਆਧਾਰ ਤਿੰਨ ਤਾਲ ਦਾ ਪੰਜਾਬੀ ਠੇਕਾ ਹੈ। ਇਹ ਤਾਂ ਸਪਸ਼ਟ ਹੀ ਹੈ ਕਿ ਪੰਜਾਬੀ ਠੇਕੇ ਦੀ ਸਰੰਚਨਾ ਤੇ ਪ੍ਰਚਲਨ ਦਾ ਮੂਲ ਸਬੰਧ ਪੰਜਾਬ ਖੇਤਰ ਨਾਲ ਹੈ।[2]

ਅਚਾਰੀਆ ਬ੍ਰਿਹਸਪਤੀ ਦੇ ਅਨੁਸਾਰ ਸੁਧਾਰ ਖਾਂ ਦਾ ਅਸਲ ਨਾਮ ਸਤਾਰ ਖਾਂ ਸੀ, ਜਿਨਾਂ ਸਿਤਾਰ ਦੀ ਸੰਗਤ ਦੇ ਲਈ ਤਬਲੇ ਦਾ ਅਵਿਸ਼ਕਾਰ ਕੀਤਾ ਅਤੇ ਉਹ ਸਤਾਰਖਾਨੀ ਜਾਂ 'ਸਿਤਾਰਖਾਨੀ' ਠੇਕੇ ਦਾ ਅਵਿਸ਼ਕਾਰਕ ਮੰਨਦੇ ਹਨ।[1]

ਪ੍ਰੰਤੂ ਹਕੀਮ ਮੁਹੰਮਦ ਕਰਮ ਇਮਾਮ ਦੇ ਅਨੁਸਾਰ ਸਿਤਾਰਖਾਨੀ ਠੇਕੇ ਦਾ ਅਵਿਸ਼ਕਾਰ 'ਸਤਾਰ ਖਾਂ' ਨਾਮ ਕਵਾਲ ਨੇ ਖੈਰਾਬਾਦੀ ਸ਼ੈਲੀ ਵਿੱਚ ਗਾਏ ਜਾਣ ਵਾਲੇ ਦੱਰੁਤ ਲੈਅ ਦੇ ਖਿਆਲ ਦੀ ਸੰਗਤ ਨਾਲ ਵਜਾਏ ਜਾਣ ਵਾਲੇ ਜਲਦ ਤ੍ਰਿਤਾਲ ਦੇ ਲਈ ਕੀਤਾ ਸੀ।[3]

ਤਿੰਨ ਤਾਲ ਨੂੰ ਦਰੁਤ ਲੈਅ ਵਿੱਚ ਵਜਾਉਣ ਨਾਲ ਚਾਰ ਮਾਤ੍ਰਾ ਦਾ, ਮੱਧ ਲੈਅ ਵਿਚ ਅੱਠ ਮਾਤ੍ਰਾ ਦਾ ਅਤੇ ਵਿਲੰਬਿਤ ਲੈਅ ਵਿੱਚ ਇਹ ਸੋਲਾਂ ਮਾਤ੍ਰਾ ਦੀ ਹੀ ਰਹਿੰਦਾ ਹੈ। ਭਾਂਵੇ ਕਿਸੇ ਵੀ ਲੈਅ ਵਿੱਚ ਇਸ ਦਾ ਪ੍ਰਯੋਗ ਕੀਤਾ ਜਾਵੇ ਪਰ ਦਾਬ-ਗਾਂਠ ਕਰਕੇ ਉਸਤਾਦ ਤਬਲਾ ਵਾਦਿਕ ਇਸ ਦਾ ਸਰੂਪ ਕਾਇਮ ਰੱਖਦੇ ਹਨ। ਇਸ ਤਾਲ ਦਾ ਸੁਭਾਅ ਬਾਕੀ ਤਾਲਾਂ ਨਾਲੋਂ ਕੁਝ ਵੱਖਰਾ ਹੀ ਹੈ। ਵਿਲੰਬਿਤ ਲੈਅ ਵਿਚ ਇਹ ਗੰਭੀਰ ਪ੍ਰਕ੍ਰਿਤੀ ਦਾ ਹੈ, ਮੱਧ ਲੈ ਵਿੱਚ ਇਹ ਸ਼ਿੰਗਾਰ ਰਸ ਦਾ ਅਤੇ ਦਰੁਤ ਲੈਅ ਵਿੱਚ ਇਹ ਚੰਚਲ ਪ੍ਰਕ੍ਰਿਤੀ ਦਾ ਹੋ ਜਾਂਦਾ ਹੈ।

ਤਿੰਨ ਤਾਲ ਦੇ ਤਿੰਨਾ ਰੂਪਾਂ ਨੂੰ ਮਾਰਗਾਂ ਨਾਲ ਜੋੜਿਆਂ ਉਸੇ ਪ੍ਰਕਾਰ ਉਨ੍ਹਾਂ ਰੂਪਾਂ ਨੂੰ ਏਕਲ ਆਦਿ ਨਾਲ ਸਬੰਧਤ ਕੀਤਾ ਜਾ ਸਕਦਾ ਹੈ, 4 ਮਾਤ੍ਰਾ ਦਾ ਤਿੰਨ ਤਾਲ ਏਕਲ ਤਿੰਨ ਤਾਲ, 8 ਮਾਤ੍ਰਾ ਦਾ ਦਿਕਲ ਅਤੇ 16 ਮਾਤ੍ਰਾ ਦੇ ਤਿੰਨ ਤਾਲ ਨੂੰ ਚਤੁਸ਼ਕਲ ਤਿੰਨ ਤਾਲ ਕਹਿ ਸਕਦੇ ਹਾਂ ਕਿਉਂਕਿ ਤਿੰਨਤਾਲ ਦੇ ਇਨ੍ਹਾਂ ਰੂਪਾਂ ਵਿੱਚ ਹਰ ਵਿਭਾਗ ਵਿੱਚ 1-1, 2-2, 4-4 ਮਾਤ੍ਰਾਵਾਂ ਹੁੰਦੀਆਂ ਹਨ।[4]

ਉਤਰ ਭਾਰਤੀ ਸੰਗੀਤ ਵਿੱਚ ਹੋਰ ਅਨੇਕਾਂ ਹੀ ਤਾਲ ਹਨ, ਜਿਨਾਂ ਦੇ ਠੇਕੇ ਨਿਸ਼ਚਿਤ ਹਨ। ਤਾਲ ਸ਼ਾਸਤਰ ਛੰਦਾਂ ਤੇ ਅਧਾਰਤਿ ਹੈ, ਜਿਸ ਕਾਰਨ ਤਾਲ ਦੀ ਲੈਅ, ਜਾਂ ਚਲਨ ਬਣਦਾ ਹੈ। ਵਿਭਿੰਨ ਬੋਲਾਂ ਤੇ ਪਰਣਾਂ ਦੀ ਰਚਨਾ ਵਿੱਚ ਵਿਸ਼ੇਸ਼ ਛੰਦਾਂ ਦੀ ਲੈਅ ਦਾ ਪ੍ਰਯੋਗ ਕਰਨ ਦੀ ਪ੍ਰੰਪਰਾ ਪਖਾਵਜ ਵਾਦਕਾਂ ਵਿੱਚ ਸੀ। ਲਘੂ ਦੀਆਂ ਸਮਾਨ ਮਾਤ੍ਰਾਵਾਂ ਦੇ ਕਾਲ ਹੋਣ ਕਰਕੇ ਅਤੇ 1-5-9-13ਵੇਂ ਵਰਣ ਤੇ ਜੋਰ ਹੋਣ ਕਰਕੇ ਤਿੰਨ ਤਾਲ ਧਨਾਸਰੀ ਛੰਦ ਤੇ ਆਧਾਰਿਤ ਤਾਲ ਹੈ।[5]

ਤਿੰਨ ਤਾਲ ਦਾ ਇਕ ਹੋਰ ਰੂਪ ਹੈ ਜਿਸ ਨੂੰ ਵੱਡਾ ਖਿਆਲ ਗਾਇਨ ਸ਼ੈਲੀ ਨਾਲ ਕੀਤਾ ਜਾਂਦਾ ਹੈ, 'ਤਿਲਵਾੜਾ' ਤਾਲ ਕਰਕੇ ਵੀ ਜਾਣਿਆ ਜਾਂਦਾ ਹੈ। ਇਹ ਠੇਕਾ ਵਿਲੰਬਿਤ ਲੈਅ ਤੇ ਅਤਿ-ਵਿਲੰਬਿਤ ਲੈਅ ਵਿਚ ਲਗਾਇਆ ਜਾਂਦਾ ਹੈ। ਵਿਭਾਗੀ ਵੰਡ, ਤਾਲੀ, ਖਾਲੀ ਤੇ ਮਾਤ੍ਰਾ ਆਦਿ ਕਰਕੇ ਤਿੰਨ ਤਾਲ ਵਰਗੀ ਤਾਲ ਹੈ, ਪਰ ਵਰਣ ਅਲੱਗ ਹੋ ਜਾਂਦੇ ਹਨ। ਇਸ ਦਾ ਠੇਕਾ ਇਸ ਪ੍ਰਕਾਰ ਹੈ :-

| | | | | | | | | |
|---|---|---|---|---|---|---|---|---|
| ਧਾ | ਤਿਰਕਿਟ | ਧਿਨ | ਧਿਨ \| | ਧਾ | ਧਾ | ਧਿਨ | ਧਿਨ \| | |
| x | | | | 2 | | | | |
| ਤਾ | ਤਿਰਕਿਟ | ਤਿਨ | ਤਿਨ \| | ਧਾ | ਧਾ | ਧਿਨ | ਧਿਨ \| | ਧਾ |
| 0 | | | | 3 | | | | x |

ਤਿੰਨ ਤਾਲ ਨੂੰ ਕੁਝ ਲੋਕ 'ਆਦਿ ਤਾਲ' ਵੀ ਕਹਿੰਦੇ ਹਨ। ਕਈਆਂ ਦੇ ਮੱਤ ਅਨੁਸਾਰ ਇਸ ਤਾਲ ਦੀ ਇਜਾਦ ਅਮੀਰ ਖੁਸਰੋ ਦੁਆਰਾ ਕੀਤੀ ਗਈ ਹੈ। ਉਸਤਾਦ ਲਛਮਣ ਸਿੰਘ ਸੀਨ (ਪੰਜਾਬ ਘਰਾਣਾ) ਜੀ ਦਾ ਵਿਚਾਰ ਹੈ ਕਿ ਹਰੇਕ ਤਾਲ ਦਾ ਨਾਮ ਆਪਣੀ ਖਾਸ ਵਿਸ਼ੇਸ਼ਤਾ ਕਰਕੇ ਰੱਖਿਆ ਗਿਆ ਹੈ।[6] ਮੇਰਾ ਖਿਆ ਹੈ ਕਿ ਇਸ ਤਾਲ ਵਿੱਚ ਕੁਲ ਤਿੰਨ ਤਾਲ ਤਾਲੀਆਂ ਲਗਦੀਆਂ ਹਨ, ਸ਼ਾਇਦ ਇਸ ਕਰਕੇ ਹੀ ਇਸ ਤਾਲ ਦਾ ਨਾਮ 'ਤਿੰਨ ਤਾਲੀ' ਪਹਿਲਾ ਰਖ ਦਿੱਤਾ ਹੋਵੇ। ਰਾਜਨੀਤਕ ਉਥਲ ਪੁਥਲ ਤੇ ਸਮੇਂ ਦੀ ਤਬਦੀਲੀ ਕਾਰਣ ਬਾਅਦ ਵਿੱਚ ਇਹ 'ਤਿੰਨ ਤਾਲ' ਕਰਕੇ ਹੀ ਜਾਣਿਆ ਜਾਣ ਲੱਗਾ ਹੋਵੇ ਤਾਂ ਕੋਈ ਅਤਿ ਕਥਨੀ ਨਹੀ ਹੋਵੇਗੀ।

ਹੋ ਸਕਦਾ ਹੈ ਕੁਝ ਉਸਤਾਦ ਸਾਹਿਬਾਨ ਤੇ ਕਲਾਕਾਰ ਮੇਰੇ

ਇਸ ਵਿਚਾਰ ਨਾਲ ਸਹਿਮਤ ਨਾ ਹੋਣ ਕਿਉਂ ਕਿ ਤਿੰਨ ਤਲੀਆਂ ਤਾਂ ਹੋਰ ਵੀ ਕਈ ਤਾਲਾਂ ਵਿੱਚ ਲੱਗਦੀਆਂ ਹਲ, ਜਿਵੇਂ, ਝਪਤਾਲ, ਪਸ਼ਤੋ, ਅਸੂਲ-ਏ-ਫ਼ਾਖਤਾ, ਤੀਵਰਾ, ਦੀਪ-ਚੰਦੀ ਤੇ ਪੰਜਾਬੀ ਧਮਾਰ ਆਦਿ। ਇਹ ਵੀ ਹੋ ਸਕਦਾ ਹੈ ਕਿ ਤਿੰਨ ਤਾਲ ਦੀ ਇਜ਼ਾਦ ਇਨ੍ਹਾਂ ਤਾਲਾਂ ਤੋਂ ਪਹਿਲਾਂ ਹੀ ਹੋਈ ਹੋਵੇ। ਕੁਝ ਵੀ ਹੋਵੇ, ਤਿੰਨ ਤਾਲ ਦੀ ਪ੍ਰੰਪਰਾ ਤਾਂ ਸੱਦੀਆਂ ਤੋਂ ਚਲੀ ਆ ਰਹੀ ਹੈ।

ਤਿੰਨ ਤਾਲ ਦਾ ਪ੍ਰਯੋਗ ਗਾਇਨ ਵਾਦਨ ਤੇ ਨ੍ਰਿਤ ਦੀ ਸੰਗਤ ਤੋਂ ਇਲਾਵਾ ਇਸ ਤਾਲ ਦਾ ਏਕਲ ਵਾਦਨ (ਸੋਲੋ) ਵੀ ਸੁਤੰਤਰ ਰੂਪ ਵਿਚ ਕੀਤਾ ਜਾਂਦਾ ਹੈ ਹਾਰਮੋਨੀਅਮ ਦੇ ਨਗਮੇਂ ਤੇ ਅਧਾਰਿਤ ਤਾਲ ਦੀਆਂ ਮਾਤ੍ਰਾਵਾਂ ਦੇ ਬੰਧਨ ਵਿਚ, ਉਠਾਣ ਤੋਂ ਸ਼ੁਰੂ ਹੋ ਕੇ, ਪੇਸ਼ਕਰ, ਕਾਇਦਿਆਂ-ਪਲਟਿਆਂ, ਰੇਲਿਆਂ, ਮੁਖੜਿਆਂ, ਟੁਕੜਿਆਂ, ਪਰਣਾਂ, ਰਾਤਾਂ, ਛੰਦਾਂ ਤੇ ਫਰਦਾਂ ਆਦਿ ਦੀਆਂ ਖ਼ੂਬਸੂਰਤ ਬੰਦਿਸ਼ਾਂ ਰਾਹੀਂ ਵਿਸਥਾਰਤ ਹੁੰਦਾ ਹੈ। ਸ਼ਾਸਤਰੀ ਸੰਗੀਤ ਵਿੱਚ ਇਹ ਬਹੁਤ ਹੀ ਮਹੱਤਵਪੂਰਨ ਤਾਲ ਹੈ।

ਤਬਲਾ ਸਾਜ ਦੇ ਸਿਖਿਆਰਥੀਆਂ ਲਈ ਅੱਗੇ ਤਿੰਨ ਤਾਲ ਦਾ ਕਾਇਦਾ ਦਿੱਤਾ ਹੈ। ਜਿਸ ਦਾ ਵਿਸਥਾਰ ਪਲਟਿਆਂ ਰਾਹੀਂ ਕੀਤਾ ਗਿਆ ਹੈ ਤੇ ਅੰਤ 'ਚ ਚਕਰਦਾਰ ਤਿਹਾਈ ਨਾਲ ਸਮਾਪਤ ਹੋਏਗਾ। ਇਹ ਕਾਇਦਾ ਮੈਨੂੰ ਆਪਣੇ ਪੂਜਨੀਕ ਗੁਰੂ ਉਸਤਾਦ ਲਛਮਣ ਸੰਘ ਸੀਨ ਜੀ ਤੋਂ ਪ੍ਰਾਪਤ ਹੋਇਆ ਹੈ ਜੋ ਇਸ ਪ੍ਰਕਾਰ ਹੈ :-

**ਕਾਇਦਾ ਤਿੰਨ ਤਾਲ**

ਧਾਤਿ ਟਧਾ ਤਿਟ ਧਾਧਾ, ਤਿਟ ਧਾਗੇ ਤਿਨਾ ਕਿਨਾ।
ਤਾਤਿ ਟਤਾ ਤਿਟ ਤਾਤਾ ਤਿਟ ਧਾਗੇ ਧਿਨਾ ਗਿਨਾ।

**ਦੋਹਰਾ :-**

| | | | |
|---|---|---|---|
| ਧਾਤਿਟਧਾ | ਤਿਟਧਾਧਾ | ਧਾਤਿਟਧਾ | ਤਿਟਧਾਧਾ |
| ਧਾਤਿਟਧਾ | ਤਿਟਧਾਧਾ | ਤਿਟਧਾਗਾ | ਤਿਨਧਾਧਾ। |
| ਤਾਤਿਟਤਾ | ਤਿਟਤਾਤਾ | ਤਾਤਿਟਤਾ | ਤਿਨਾਤਾਤਾ |
| ਧਾਤਿਟਧਾ | ਤਿਟਧਾਧਾ | ਤਿਟਧਾਗੇ | ਧਿਨਗਿਨਾ। |

**ਪਲਟਾ ਨੰ :1**

| | | | |
|---|---|---|---|
| ਧਾਤਿਟਧਾ | ਤਿਟਧਾਧਾ | ਤਿਟਧਾਤਿ | ਟਧਾਤਿਟ। |
| ਧਾਤਿਟਧਾ | ਤਿਟਧਾਧਾ | ਤਿਟਧਾਗੇ | ਤਿਨਾਕਿਨਾ |
| ਤਾਤਿਟਤਾ | ਤਿਟਤਾਤਾ | ਤਿਟਤਤਿ | ਟਤਾਤਿਟ |
| ਧਾਤਿਟਧਾ | ਤਿਟਧਾਧਾ | ਤਿਟਧਾਗੇ | ਧਿਨਗਿਨਾ। |

**ਪਲਟਾ ਨੰ: 2**

| | | | |
|---|---|---|---|
| ਧਾਤਿਟਧਾ | ਤਿਟਧਾਧਾ | ਤਿਟਧਾਤਿ | ਟਧਾਤਿਟ। |
| ਧਾਧਾਤਿਟ | ਧਾਤਿਟਧਾ | ਤਿਟਧਾਗੇ | ਤਿਨਾਕਿਨਾ |
| ਤਾਤਿਟਤਾ | ਤਿਟਤਾਤਾ | ਤਿਟਤਾਤਿ | ਟਤਾਤਿਟ |
| ਧਾਧਾਤਿਟ | ਧਾਤਿਟਧਾ | ਤਿਟਧਾਗੇ | ਧਿਨਗਿਨਾ। |

**ਪਲਟਾ ਨੰ :3**

| | | | |
|---|---|---|---|
| ਧਾਤਿਟਧਾ | ਤਿਟਧਾਧਾ | ਤਿਟਗਧਾ | ਤਿਟਧਾਧਾ। |
| ਧਾਤਿਟਧਾ | ਤਿਟਧਾਧਾ | ਤਿਟਧਾਗੇ | ਤਿਨਾਕਿਨਾ |
| ਤਾਤਿਟਤਾ | ਤਿਟਤਾਤਾ | ਤਿਟਕਤਾ | ਤਿਟਤਾਤਾ |
| ਧਾਤਿਟਧਾ | ਤਿਟਧਾਧਾ | ਤਿਟਧਾਗੇ | ਧਿਨਗਿਨਾ। |

**ਪਲਟਾ ਨੰ :4**

| | | | |
|---|---|---|---|
| ਧਾਤਿਟਧਾ | ਤਿਟਧਾਧਾ | ਤਿਟਗਧਾ | ਤਿਟਧਾਧਾ। |
| ਤਿਟਗਧਾ | ਤਿਟਧਾਧਾ | ਤਿਟਧਾਗੇ | ਤਿਨਾਕਿਨਾ |
| ਤਾਤਿਟਤਾ | ਤਿਟਤਾਤਾ | ਤਿਟਕਤਾ | ਤਿਟਤਾਤਾ |
| ਤਿਟਗਧਾ | ਤਿਟਧਾਧਾ | ਤਿਟਧਾਗੇ | ਧਿਨਗਿਨਾ। |

**ਪਲਟਾ ਨੰ: 5**

| | | | |
|---|---|---|---|
| ਧਾਤਿਟਧਾ | ਤਿਟਧਾਧਾ | ਤਿਟਤਿਟ | ਧਾਧਾਤਿਟ। |
| ਧਾਤਿਟਧਾ | ਤਿਟਧਾਧਾ | ਤਿਟਧਾਗੇ | ਤਿਨਾਕਿਨਾ |
| ਤਾਤਿਟਤਾ | ਤਿਟਤਾਤਾ | ਤਿਟਤਿਟ | ਤਾਤਾਤਿਟ |
| ਧਾਤਿਟਧਾ | ਤਿਟਧਾਧਾ | ਤਿਟਧਾਗੇ | ਧਿਨਗਿਨਾ। |

**ਪਲਟਾ ਨੰ : 6**

| | | | |
|---|---|---|---|
| ਧਾਤਿਟਧਾ | ਤਿਟਧਾਧਾ | ਤਿਟਤਿਟ | ਧਾਧਾਤਿਟ। |
| ਤਿਟਤਿਟ | ਧਾਧਾਤਿਟ | ਧਾਤਿਟਧਾ | ਤਿਟਧਾਧਾ |
| ਤਿਟਧਾਤਿ | ਟਧਾਤਿਟ | ਧਾ-ਕਤ | ਤਿਟਧਾਤਿ |
| ਟਧਾਤਿਟ | ਧਾ-ਕਤ | ਤਿਟਧਾਤਿ | ਟਧਾਤਿਟ। |

**ਪਲਟਾ ਨੰ:7**

| | | | |
|---|---|---|---|
| ਧਾ--- | ਤਿਟਤਿਟ | ਧਾਤਿਟਧਾ | ਤਿਟਧਾਧਾ। |
| ਤਿਟਤਿਟ | ਤਿਟਤਿਟ | ਤਿਟਧਾਗੇ | ਤਿਨਾਕਿਨਾ |
| ਤਾਤਿਟਤਾ | ਤਿਟਤਿਟ | ਤਾਤਿਟਤਾ | ਤਿਟਤਾਤਾ |
| ਤਿਟਤਿਟ | ਤਿਟਤਿਟ | ਤਿਟਧਾਗੇ | ਧਿਨਗਿਨਾ। |

**ਪਲਟਾ ਨੰ :8**

| | | | |
|---|---|---|---|
| ਧਾਧਾਤਿਟ | ਧਾਧਾਤਿਟ | ਧਾ-ਗਧਾ | ਤਿਟਤਿਟ। |
| ਧਾ-ਗਧਾ | ਤਿਟਤਿਟ | ਤਿਟਧਾਗੇ | ਤਿਨਾਕਿਨਾ |
| ਤਾਤਿਤਿਟ | ਤਾਤਾਤਿਟ | ਤਾ-ਕਤਾ | ਤਿਟਤਿਟ |
| ਧਾ-ਗਧਾ | ਤਿਟਤਿਟ | ਤਿਟਧਾਗੇ | ਧਿਨਗਿਨਾ। |

**ਪਲਟਾ ਨੰ :9**

| | | | |
|---|---|---|---|
| ਧਾਧਾਤਿਟ | ਧਾਧਾਤਿਟ | ਧਾਧਾਤਿਟ | ਧਾਧਾਤਿਟ। |
| ਧਾਤਿਟਧਾ | ਤਿਟਤਿਟ | ਤਿਟਧਾਗੇ | ਤਿਨਾਕਿਨਾ |

ਤਾਤਾਤਿਟ ਤਾਤਾਤਿਟ ਤਾਤਾਤਿਟ ਤਾਤਾਤਿਟ
ਧਾਤਿਟਧਾ ਤਿਟਤਿਟ ਤਿਟਧਾਗੇ ਧਿਨਗਿਨਾ।

**ਪਲਟਾ ਨੰ: 10**

ਤਿਟਧਾਤਿ ਟਧਾਤਿਟ ਤਿਟਧਾਤਿ ਟਧਾਤਿਟ।
ਤਿਟਤਿਟ ਧਾਤਿਟਧਾ ਤਿਟਧਾਗੇ ਤਿਨਾਕਿਨਾ
ਤਿਟਤਾਤਿ ਟਤਾਤਿਟ ਤਿਟਤਾਤਿ ਟਤਾਤਿਟ,
ਤਿਟਤਿਟ ਧਾਤਿਟਧਾ ਤਿਟਧਾਗੇ ਧਿਨਗਿਨਾ।

**ਤਿਹਾਈ (ਚਕਰਦਾਰ)**

ਧਾਤਿਟਧਾ ਤਿਟਧਾਧਾ ਤਿਟਧਾਤਿ ਟਧਾਤਿਟ।
ਧਾ-ਕਤ ਤਿਟਧਾਤਿ ਟਧਾਤਿਟ ਧਾ-ਕਤ
ਤਿਟਧਾਤਿ ਟਤਾਤਿਟ ਧਾ--- ਧਾਤਿਟਧਾ,
ਤਿਟਧਾਧਾ ਤਿਟਧਾਤਿ ਟਧਾਤਿਟ ਧਾ-ਕਤ।
ਤਿਟਧਾੜਿ ਟਧਾਤਿਟ ਧਾ-ਕਤ ਤਿਟਧਾਤਿ।
ਟਧਾਤਿਟ ਧਾ--- ਧਾਤਿਟਧਾ ਤਿਟਧਾਧਾ
ਤਿਟਧਾਤਿ ਟਤਾਤਿਟ ਧਾ-ਕਤ ਤਿਟਧਾਤਿ,
ਟਧਾਤਿਟ ਧਾ-ਕਤ ਤਿਟਧਾਤਿ ਟਧਾਤਿਟ।
ਧਾ
x
■

---

1 ਸੰਗੀਤ ਮਈ 1976 ਪੰਨਾ 24
2 ਡਾ. ਯੋਗ ਮਾਇਆ ਸ਼ੁਕਲ, ਜਨਵਰੀ 1993 ਸੰਗੀਤ ਪੰਨਾਂ 46
3 ਮਾਦਨੁਲ ਮੋਸੀਕੀ ਪੰਨਾ 195 ਸੰਗੀਤ ਤਬਲਾ ਅੰਕ ਪੰਨਾ 48, 1993
4 ਡਾ. ਸੁਭਦਰਾ ਚੌਧਰੀ, ਭਾਰਤੀ ਸੰਗੀਤ ਵਿੱਚ ਤਾਲ ਤੇ ਰੂਪ ਵਿਧਾਨ ਪੰਨਾ 124-45
5 ਡਾ. ਸੁਭਦਰਾ ਚੌਧਰੀ, ਭਾਰਤੀ ਸੰਗੀਤ ਵਿੱਚ ਤਾਲ ਤੇ ਰੂਪ ਵਿਧਾਨ ਪੰਨਾ 390
6 ਉਸਤਾਦ ਲਛਮਣ ਸਿੰਘ ਸੀਨ ਪੰਜਾਬ ਘਰਾਣਾ

---


**ਆਪਣੇ ਸਨੇਹੀ ਨੂੰ ਅੰਮ੍ਰਿਤ ਕੀਰਤਨ ਤੋਹਫੇ ਵਜੋਂ ਭੇਟ ਕਰੋ !**

ਤੁਸੀਂ ਆਪਣੇ ਸਨੇਹੀ ਨੂੰ ਤੋਹਫਾ ਦੇਣਾ ਚਾਹੁੰਦੇ ਹੋ !ਹੋਰ ਵਸਤਾਂ ਭੁਲ-ਭੁਲਾ ਜਾਂਦੀਆਂ ਹਨ ਪਰ 'ਅੰਮ੍ਰਿਤ ਕੀਰਤਨ' ਹਰ ਮਹੀਨੇ ਤੁਹਾਡੇ ਸਨੇਹੀ ਕੋਲ ਪੁੱਜ ਕੇ ਤੁਹਾਡੀ ਯਾਦ ਤਾਜ਼ਾ ਕਰਾਏਗਾ। ਅੱਜ ਹੀ ਚੰਦਾ ਭੇਜ ਕੇ ਇਹ ਸੁੰਦਰ ਤੋਹਫਾ ਭੇਟ ਕਰੋ।

EXQUISITE
Multicuisine Meals at **Hot millions**

*Salad Bar & Restaurants*





Serving Indian, Chinese, Continental & Italian Food
with a regular Indian & Salad Buffet

Special Arrangements for Birthday & Kitty parties
& Exciting Gifts too.

FOR HOME DELIVERY CALL CHD 713232,721844,721287 PKL 569156,581619

# ਅੰਬਰ ਤੇ ਇਕ ਨੀਲਾ ਘੋੜਾ


**ਡਾ. ਬਲਬੀਰ ਸਿੰਘ ਦਿਲ***


ਅੰਬਰ ਤੇ ਇਕ ਨੀਲਾ ਘੋੜਾ
ਜਿਸ ਤੇ ਹੈ ਚਾਨਣ ਦੀ ਕਾਠੀ
ਝੁਲ ਚੋਂ ਝਾਕਣ ਲੱਖ ਸਿਤਾਰੇ
ਚੰਨ ਸੂਰਜ ਵੀ ਕਰਨ ਇਸ਼ਾਰੇ
ਕਿਰਨਾਂ ਤੇ ਰਿਸ਼ਮਾਂ ਬਣ ਤਾਰਾਂ
ਦੂਰੋਂ ਮਾਰਨ ਨਿਤ ਲਿਸ਼ਕਾਰਾਂ
ਸੁੰਮਾਂ ਚੋਂ ਪ੍ਰਚੰਡ ਜੁਆਲਾ
ਤ੍ਰੈਲੋਕੀ ਵਿਚ ਕਰੇ ਉਜਾਲਾ
ਬਿਜਲੀ ਕੀਤੀ ਕੈਦ ਰਕਾਬਾਂ
ਸੂਰਜ ਵੀ ਨਾ ਝਲਦਾ ਤਾਬਾਂ
ਫਿਰ ਵੀ ਹੈ ਗਰਦਸ਼ ਵਿਚ ਨੀਲਾ
ਧੁਖ ਧੁਖ ਤਪ ਤਪ ਹੋ ਗਿਆ ਪੀਲਾ
ਅਣਦਿਸਦਾ ਅਸਵਾਰ ਓਸਦਾ
ਲਾ-ਮਕਾਂ ਅੱਜ ਯਾਰ ਓਸਦਾ
ਕਿਰਨਾਂ ਦੇ ਲਿਸ਼ਕਾਰੋਂ ਅੱਗੇ
ਰਿਸ਼ਮਾਂ ਦੀ ਰਫਤਾਰੋਂ ਅੱਗੇ
ਖ਼ਬਰ ਨਹੀਂ ਕਿਸ ਤਾਰੇ ਅੰਦਰ
ਜਾ ਬੈਠਾ ਹੈ ਪਵਨ-ਰੂਪ ਹੋ
ਪਲ ਪਲ ਖਿਨ ਖਿਨ ਕਹਿਰ ਵਿਛੋੜਾ
ਭਟਕ ਰਿਹਾ ਹੈ ਨੀਲਾ ਘੋੜਾ
ਅੰਬਰ ਤੇ ਇਕ ਨੀਲਾ ਘੋੜਾ

ਇੱਕੋ ਸੁੰਮ ਜਦੋਂ ਉਸ ਚੁੱਕਿਆ
ਲੱਖਾਂ ਯੋਜਨ ਪੈਂਡਾ ਮੁੱਕਿਆ
ਚੰਦ੍-ਲੋਕ ਤੋਂ ਸੂਰ-ਲੋਕ ਤਕ
ਸੂਰ-ਲੋਕ ਤੋਂ ਪਰ੍ਹਾਂ ਅਲੋਕ ਤਕ
ਚਾਰ-ਦਿਸ਼ਾ ਵਿਚ ਘੁੰਮਦਾ ਆਇਆ
ਢੂੰਡ ਰਿਹਾ ਅਣਦਿਸਦਾ ਸਾਇਆ
ਜਿਸ ਦੇ ਸਿਰ ਤੇ ਚੰਨ ਦੀ ਕਲਗੀ
ਜਿਸ ਦੇ ਗਲ ਰਿਸ਼ਮਾਂ ਦਾ ਜੋੜਾ
ਢੂੰਡ ਰਿਹਾ ਹੈ ਨੀਲਾ ਘੋੜਾ

ਅੰਬਰ ਤੇ ਇਕ ਨੀਲਾ ਘੋੜਾ
ਕੱਲ ਸੀ ਦਿਸਦਾ
ਅੱਜ ਨਹੀਂ ਦਿਸਦਾ
ਇਉਂ ਜਾਪੇ ਉਹ ਦੇਵ-ਲੋਕ ਚੋਂ
ਮਾਤ-ਲੋਕ ਵਿਚ ਆਣ ਉਤਾਰਿਆ
'ਸਪਤ-ਸ਼੍ਰਿੰਗ' ਦੀ ਸੁੰਨ-ਵਾਦੀ ਚੋਂ
ਗੰਗਾ ਦੀ ਧਾਰਾ ਵਿਚ ਵਹਿੰਦਾ
ਲਹਿਰਾਂ ਦੇ ਕਹਿਰਾਂ ਨੂੰ ਸਹਿੰਦਾ
'ਪਟਨੇ' ਦੇ ਪੱਤਣ ਤੇ ਪਹੁੰਚਾ :
ਵੇਖ ਰਹੇ ਨੇ ਖੜੇ ਮੁਹਾਣੇ
ਅੱਖ ਬਾਝੋਂ ਪਰ ਕੌਣ ਪਛਾਣੇ
ਲਹਿਰਾਂ ਦੇ ਰੰਗਾਂ ਤੋਂ ਬਣਿਆ
ਲਹਿਰ ਰੂਪ ਇਹ ਨੀਲਾ ਪੰਛੀ
ਲਹਿਰਾਂ ਨੂੰ ਪਾ ਸਕਦਾ ਮੋੜਾ
ਲਹਿਰ ਰੂਪ ਇਹ ਨੀਲਾ ਘੋੜਾ

ਲਹਿਰ-ਰੂਪ ਉਹ ਨੀਲਾ ਘੋੜਾ
ਧਰਤੀ ਤੇ ਹੁਣ ਟੋਲ ਰਿਹਾ ਹੈ
ਅਣਦਿਸਦੇ ਅਸਵਾਰ ਦਾ ਸਾਇਆ
ਜਿਸਨੇ ਹਰ ਇਕ ਜ਼ੱਰੇ ਖ਼ਾਤਰ
ਅਪਣਾ ਸੂਰਜ-ਬੰਸ ਲੁਟਾਇਆ
'ਸੀਸ-ਗੰਜ' ਵਿਚ ਸੀਸ ਨਿਵਾ ਕੇ
ਸਾਹ ਲੀਤਾ 'ਚਮਕੌਰ' 'ਚ ਆ ਕੇ
ਜਿੱਥੇ ਲਾਸ਼ਾਂ ਦੇ ਪਰਛਾਵੇਂ
ਕੁਝ ਜਾਣੇ ਪਰ ਕੁਝ ਬੇਨਾਵੇਂ
'ਨੰਦਪੁਰੀ' ਦਾ ਰਾਜਾ ਦੁਖੀਆ
ਚਾਰੇ ਲਾਲ ਗੁਆ ਕੇ ਆਖੇ
ਕੀ ਹੋਇਆ ਜੇ ਪੈਰੀਂ ਛਾਲੇ
'ਮੈਂ ਹਾਂ ਜਗ ਤੇ ਸਭ ਤੋਂ ਸੁਖੀਆ'
ਇਹ ਸੁਣ ਚੁਕ ਲਏ ਘੋੜੇ ਨੇ ਕੰਨ
ਖਿੜਿਆ ਖਿੜਿਆ ਜਾਪੇ ਤਨ ਮਨ.......

ਵੇਖ ਰਹੇ ਨੇ ਲੋਕੀ ਸ਼ਸਤਰ
ਉਡ ਕੇ ਵਾਪਸ ਪਰਤੇ ਅਸਤਰ
ਐਪਰ ਨੀਲਾ ਸੋਚ ਰਿਹਾ ਹੈ
ਕਾਸ਼, ਕੋਈ 'ਬੰਦਾ' ਬਣ ਸਕਦਾ
ਜ਼ੋਰ ਜ਼ੁਲਮ ਹੈ ਜਗ ਤੇ ਛਾਇਆ
ਕਾਸ਼, ਕੋਈ ਸੀਨਾ ਤਣ ਸਕਦਾ
ਮੈਂ ਨੀਲੇ ਤੋਂ ਖ਼ਾਕੀ ਹੋ ਕੇ
ਉਸ ਬੰਦੇ ਦਾ ਸਾਥ ਨਿਭਾਂਦਾ
ਆਪਣੀ ਥਾਂ ਤੇ ਹਿੱਸਾ ਪਾਂਦਾ
ਬਹੁਤਾ ਨਹੀਂ ਤਾਂ ਥੋੜ੍ਹਾ ਥੋੜ੍ਹਾ
ਲਹਿਰ-ਰੂਪ ਮੈਂ ਨੀਲਾ ਘੋੜਾ ।


* 147, ਸੈਕਟਰ 15-ਏ, ਚੰਡੀਗੜ੍ਹ

# ਦਸਤਾਵੇਜ਼ੀ ਕਿਰਤ - ਸਿੱਖ ਕੀਰਤਨ ਮਰਿਯਾਦਾ

**ਬ. ਸ. ਰਤਨ**

ਹੈਦਰਾਬਾਦ : ਹਰ ਅੰਤਰਰਾਸ਼ਟਰੀ ਫਿਲਮ ਮੇਲੇ ਵਿਚ ਰਚੇ ਰੂਪ-ਆਕਾਰ ਦੇ ਆਲੇ ਦੁਆਲੇ ਵੀ ਬਹੁਤ ਕੁਝ ਹੁੰਦਾ ਹੈ। ਪਾਰਟੀਆਂ, ਮਹਾਂ-ਭੋਜਾਂ ਅਤੇ ਮਹਾਂਭੋਗਾਂ ਦੇ ਕਈ ਮੌਕੇ, ਭਟਕਣ-ਫਿਸਲਣ ਤੇ ਫੇਰ ਉਠਣ ਜਾਗਣ ਦੇ ਕਈ ਟਕਰਾਵ। ਇਸ ਤੋਂ ਇਲਾਵਾ ਕੁਝ ਅਜਿਹੀਆਂ ਫਿਲਮਾਂ ਵੀ ਵਿਖਾਈਆਂ ਜਾ ਰਹੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਰਾਜਨੀਤਕ ਜਾਂ ਭ੍ਰਿਸ਼ਟਾਚਾਰੀ ਜਾਂ ਨੈਤਿਕ ਜਾਂ ਤਕਨੀਕੀ ਕਾਰਨਾਂ ਕਰਕੇ ਮੇਲੇ ਵਿਚ ਸਰਕਾਰੀ ਤੌਰ 'ਤੇ ਨਹੀਂ ਰੱਖਿਆ ਗਿਆ ਹੁੰਦਾ, ਕੁਝ ਐਸੇ ਵੀ ਫਿਲਮਕਾਰ ਇਸ ਮੇਲੇ ਵਿਚ ਆਪਣੇ ਨਿੱਜੀ ਉਦਮ, ਵਿਸ਼ਵਾਸ ਨਾਲ ਬਗੈਰ ਕਿਸੇ ਤਾਮ-ਝਾਮ ਦੇ ਬਣਾਈਆਂ ਫਿਲਮਾਂ ਲੈ ਕੇ ਆਉਂਦੇ ਹਨ ਅਤੇ ਉਨ੍ਹਾਂ ਨੂੰ ਵਿਖਾਉਣ ਦਾ ਪ੍ਰਬੰਧ ਤੇ ਸੇਵਾ ਵੀ ਕਰਦੇ ਹਨ। ਇਸ ਪਿੱਛੇ ਉਹ ਕੇਵਲ ਇਕ ਮਨੋਰਥ ਲੈ ਕੇ ਚੱਲ ਰਹੇ ਹੁੰਦੇ ਹਨ ਕਿ ਅੰਤਰਰਾਸ਼ਟਰੀ ਮੇਲੇ ਵਿਚ ਆਏ ਬਾਰੀਕ-ਬੁੱਧੀ ਵਾਲੇ ਕਲਾਤਮਕ ਰੁਚੀਆਂ ਨਾਲ ਪਰੁੱਚੇ ਮੁਹੱਬਤੀ ਦਰਸ਼ਕਾਂ ਦਾ ਪ੍ਰਤੀਕਰਮ ਜਾਣਿਆ ਜਾਵੇ।

ਇਸੇ ਰੁਚੀ ਤੇ ਭਾਵਨਾਂ ਨਾਲ ਇਕ ਵਿਕੋਲਿਤਰੀ ਫਿਲਮ - ਤੇ ਉਹ ਵੀ ਪੰਜਾਬੀ ਵਿਚ ਚੁਣਿੰਦਾ ਫਿਲਮ ਪ੍ਰੇਮੀਆਂ ਨਾਲ ਰਲ ਕੇ ਵੇਖਣ ਦਾ ਇਕ ਖਾਸ ਮੌਕਾ ਉਦੋਂ ਬਣਿਆ ਜਦੋਂ ਕਿ ਇਸ ਫਿਲਮ ਨੂੰ ਬਣਾਉਣ ਵਾਲਿਆਂ ਨੇ ਇਸ ਦੀ ਪਹਿਲੀ ਦਿੱਖ-ਦਰਸ਼ਨੀ ਕੀਤੀ।

ਇਹ ਫਿਲਮ ਹੈ ਬਲਦੀਪ ਸਿੰਘ ਦੀ ਬਣਾਈ 'ਸਿੱਖ ਕੀਰਤਨ ਮਰਯਾਦਾ' ਦੀ ਦਸਤਾਵੇਜ਼ੀ ਕਿਰਤ।

ਸਿਨੇਮਾ ਇਕ ਅਜਿਹਾ ਕਲਾ ਰੂਪ ਹੈ ਜਿਸ ਦੀ ਭੌਤਿਕਤਾ, ਪਰਦਾਰਥਕਤਾ ਤੇ ਗਠਬੰਧਨ ਦਾ ਆਧਾਰ "ਛਲ ਤੇ ਕਪਟ" ਹੈ। ਇਹ ਅਸੰਭਵ ਨੂੰ ਵੀ ਸੰਭਵ ਕਰ ਦਿਖਾਉਂਦਾ ਹੈ ਤੇ ਉਸ ਨੂੰ ਮੰਨਣਯੋਗ ਕਰ ਦਿੰਦਾ ਹੈ। ਜਦੋਂ ਇਹ ਕਾਰਜ ਸਤਹੀ ਪੱਧਰ ਉਪਰ ਕੀਤਾ ਜਾਵੇ ਤਾਂ ਖਤਰਨਾਕ ਹੈ। ਪਰ ਜਦੋਂ ਇਹੀ ਵਿਧੀ ਕਿਸੇ ਪ੍ਰਮਾਣਿਕ,, ਗੰਭੀਰ, ਮਾਨਵੀ ਪ੍ਰੰਪਰਾ ਨੂੰ ਮੂਰਤੀਮਾਨ ਕਰਨ ਵਲ ਸਮਰਪਿਤ ਹੋ ਜਾਵੇ ਤਾਂ ਜੋ ਕ੍ਰਿਸ਼ਮਾ ਵਾਪਰਦਾ ਹੈ ਉਸ ਦੀ ਹੀ ਇਕ ਮਿਸਾਲ ਗੁਰਬਾਣੀ ਗਾਇਨ ਦੀ ਨਿਵੇਕਲੀ ਸ਼ੈਲੀ ਤੇ ਵਿਧੀ ਨੂੰ ਦਰਸਾਉਂਦੀ ਇਹ ਫਿਲਮ ਹੈ।

ਅਧਿਆਤਮਕ ਵਿਸ਼ੇ ਨੂੰ ਇਕ ਅਜਿਹੇ ਕਲਾ ਮਾਧਿਅਮ ਨਾਲ ਛੂਹਣਾ ਜਿਸ ਦੀ ਸਾਡੇ ਮਨਾਂ ਵਿਚ ਕੇਵਲ ਫਾਹਸ਼ ਦੁਨਿਆਵੀ ਆਸ-ਕਿਆਸੀ ਹੋਵੇ ਆਪਣੇ ਆਪ ਵਿਚ ਇਹ ਬਹੁਤ ਵੱਡੀ ਚੁਣੌਤੀ ਹੈ। ਬਲਦੀਪ ਸਿੰਘ ਨੇ ਇਸ ਨੂੰ ਜਿਸ ਸਿਦਕ ਨਾਲ ਨਿਭਾਇਆ ਹੈ ਉਹ ਕਿਸੇ ਅਲੋਕਾਰ ਵਰਤਾਰੇ ਤੋਂ ਘੱਟ ਨਹੀਂ।

ਇਸ ਫਿਲਮ ਨੂੰ ਸਿਰਜਦੇ ਬਲਦੀਪ ਸਿੰਘ ਨੇ ਦੋ ਵੱਡੇ ਸੰਜਮ ਧਾਰਨ ਕੀਤੇ । ਪਹਿਲਾ ਇਹ ਹੈ ਕਿ ਕੀਰਤਨ ਦੇ ਪ੍ਰਮਾਣਿਕ ਰੂਪ ਦੀ ਡੂੰਘੀ ਖੋਜ ਅਤੇ ਕੇਵਲ ਉਨ੍ਹਾਂ ਰਾਗੀਆਂ ਦੇ ਮੁੱਦਿਆਂ ਦੀ ਦ੍ਰਿਸ਼ ਸਿਰਜਣਾਂ ਜਿਨ੍ਹਾਂ ਦੀ ਗੁਰਬਾਣੀ ਪ੍ਰੋੜਤਾ ਕਰਦੀ ਹੈ ਤੇ ਦੂਸਰੇ ਕੈਮਰੇ ਦੀ ਤੋਰ, ਰਫਤਾਰ ਦੇ ਉਚਾਰ ਪੂਰੀ ਤਰ੍ਹਾਂ ਗੁਰਬਾਣੀ ਦੇ ਅਰਥਾਂ-ਅਧੀਨ ਰੱਖਣਾ।

ਨਤੀਜਾ ਹੈ 70 ਮਿੰਟਾਂ ਦਾ ਉਹ ਰੂਹਾਨੀ ਅਨੁਭਵ ਜਿਸ ਵਿਚ ਅਗੰਮ, ਅਸੀਮ ਨਿਰਾਕਾਰ ਦੇ, ਫਿਲਮ ਦੇ ਸੀਮਤ ਤੇ ਆਕਾਰੀ ਘੇਰੇ ਵਿਚ ਦਰਸ਼ਨ ਹੁੰਦੇ ਹਨ। ਜਦੋਂ ਅਸੀਂ ਇਹ ਫਿਲਮ ਦੇਖਦੇ ਹਾਂ ਤਾਂ ਸਾਨੂੰ ਇਸ ਦੇ ਰੂਪ-ਆਕਾਰਾਂ ਵਿੱਚ ਕਿਸੇ ਅਦਿੱਖ ਦੇ ਦਰਸ਼ਨ ਪ੍ਰਾਪਤ ਹੁੰਦੇ ਹਨ।

ਪੰਜਾਬੀ ਜਾਣਨ ਤੇ ਗੁਰਬਾਣੀ ਅੱਗੇ ਨਿਵਣ ਵਾਲੇ ਨੂੰ ਤਾਂ ਇਸ ਫਿਲਮ ਨੇ ਰਸ-ਵਿਭੋਰ ਕਰਨਾ ਹੀ ਸੀ। ਹੈਰਾਨੀ ਤਾਂ ਉਦੋਂ ਹੋਈ ਜਦੋਂ ਪੱਛਮੀ ਆਲੋਚਕਾਂ ਤੇ ਭਾਰਤ ਦੇ ਗੈਰ-ਪੰਜਾਬੀ ਸਿਨੇਮਾ ਪ੍ਰੇਮੀਆਂ ਦੀਆਂ ਅੱਖਾਂ ਵੀ ਪ੍ਰੇਮ-ਰਸ ਨਾਲ ਸਿੱਜੀਆਂ ਦੇਖੀਆਂ। ਉਹ ਸਭ ਕਹਿ ਰਹੇ ਸਨ ਕਿ ਉਹ ਕਦੀ ਸੁਪਨੇ ਵਿਚ ਵੀ ਨਹੀਂ ਸੋਚ ਸਕੇ ਕਿ ਪੰਜਾਬ ਤੇ ਉਹ ਵੀ ਸਿੱਖਾਂ ਕੋਲ ਸੰਗੀਤ ਦਾ ਏਡਾ ਸੁੱਚਾ ਵਿਰਸਾ ਹੈ।

ਇਸ ਫਿਲਮ ਵਿਚ ਭਾਈ ਅਵਤਾਰ ਸਿੰਘ, ਭਾਈ ਬਲਬੀਰ ਸਿੰਘ, ਭਾਈ ਅਮਰੀਕ ਸਿੰਘ ਜ਼ਖਮੀ ਤੇ ਭਾਈ ਹਰਜੀਤ ਸਿੰਘ, ਗੁਰਦੀਪ ਸਿੰਘ ਨੇ ਜਿਸ ਸ਼ੁੱਧ ਉਚਾਰਣ ਤੇ ਸੰਗੀਤਕ ਪ੍ਰਪੱਕਤਾ ਦੀ ਆਪਣੀ ਭਾਵਭਿੰਨੀ ਗਾਇਕੀ ਨਾਲ ਸਬੂਤ ਦਿੱਤਾ ਹੈ ਉਹ ਭਾਸ਼ਾ ਦੀ ਸੀਮਾਂ ਤੋਂ ਪਰ੍ਹੇ ਕਿਸੇ ਬ੍ਰਹਿਮੰਡੀ ਅਨੁਭਵ ਦਾ ਪ੍ਰਕਾਸ਼ ਹੈ। ਗੁਰਬਾਣੀ ਹੈ ਵੀ ਤਾਂ ਪਰਾ ਦਾ ਬੋਲ, ਤੇ ਜਦੋਂ ਇਸ ਨੂੰ ਉਸ ਵਿਧੀ ਨਾਲ ਗਾਇਆ ਜਾਵੇ ਜੋ ਗੁਰੂ ਸਾਹਿਬ ਨੇ ਆਪ ਦੱਸੀ ਤਾਂ ਫਿਰ ਕਿਹੜਾ ਬੰਧਨ ਹੈ ਜਿਸ ਤੋਂ ਪ੍ਰਾਣੀ ਮੁਕਤ ਨਹੀਂ ਹੋ ਸਕਦਾ- ਇਹੀ ਹੈ ਉਹ ਸਵਾਲ ਜਿਸ ਤੋਂ ਇਸ ਫਿਲਮ ਦੀ ਸ਼ੁਰੂਆਤ ਹੁੰਦੀ ਹੈ। ਤੇ ਫੇਰ ਇਹ ਫਿਲਮ ਬਣ ਜਾਂਦੀ ਹੈ ਇਸੇ ਦਾ ਜੀਵੰਤ ਅਨੁਭਵੀ ਜਵਾਬ।

ਭਾਈ ਗੁਰਚਰਨ ਸਿੰਘ ਨੇ ਇਸ ਫਿਲਮ ਵਿਚ ਇਕ ਪ੍ਰਬੁੱਧ ਗਿਆਨਵਾਨ ਗੁਰਸਿੱਖ ਦੇ ਤੌਰ ਤੇ ਵੱਖ ਵੱਖ ਦ੍ਰਿਸ਼ਾਂ ਵਿਚ ਸੰਗਲੀ ਦਾ ਕੰਮ ਕੀਤਾ ਹੈ। ਡਾ. ਨੇਕੀ ਤੇ ਡਾ. ਪੈਂਟਲ ਨੇ ਰਾਗੀ ਸਿੰਘਾਂ ਦੀਆਂ ਆਪਣੀ ਕੀਰਤਨ ਵਿਧੀ ਉਪਰ ਆਪ ਕੀਤੀਆਂ ਟਿੱਪਣੀਆਂ ਨੂੰ ਸਮਝਿਆ ਤੇ ਅਧੁਨਿਕ ਬੋਲ ਦਿੱਤਾ ਹੈ। ਅੰਗਰੇਜ਼ੀ ਵਿਚ ਜੋ ਅਨੁਵਾਦ ਕੀਤਾ ਗਿਆ ਹੈ ਉਹ ਏਨਾ ਸ਼ੁੱਧ ਹੈ ਕਿ ਕੁੱਜੇ ਵਿਚ ਜਿਵੇਂ ਸਮੁੰਦਰ ਬੰਦ ਕਰ ਦਿੱਤਾ ਹੋਵੇ।

ਦਲੀਪ ਵਰਮਾ ਨੇ ਇਸ ਫਿਲਮ ਵਿਚ ਬਲਦੀਪ ਸਿੰਘ

ਦੇ ਨਿਰਦੇਸ਼ਨ ਵਿਚ ਜੋ ਕੈਮਰੇ ਦੀ ਕਿਰਿਆ ਕਰ ਦਿਖਾਈ ਹੈ ਉਹ ਕੀਰਤਨ ਨੂੰ ਫਿਲਮਾਉਣ ਵਾਲੇ ਕਾਰਿੰਦਿਆਂ ਲਈ ਇਕ ਸਿੱਖਣਯੋਗ ਉਦਾਹਰਣ ਹੈ। ਸ਼ਿਖਾ ਸੈਨ ਦੀ ਐਡੀਟਿੰਗ ਵੀ ਇਸ ਨਿਰਦੇਸ਼ਨ ਕਾਰਨ ਨਵੇਂ ਆਯਾਮ ਸਿਰਜਦੀ ਹੈ।

ਇਹ ਸਭ ਕਿਵੇਂ ਹੋ ਗਿਆ ? ਫਿਲਮ ਨਿਰਮਾਤਾ ਦਾ ਕਹਿਣਾ ਹੈ ਕਿ ਇਹ ਚੋਜ ਗੁਰੂ ਆਪ ਵਰਤਾ ਗਿਆ ਹੈ। ਇਹ ਤਾਂ ਸਿਦਕੀ ਸਿੱਖ ਦਾ ਗੁਰੂ ਨੂੰ ਸਨਮੁੱਖ ਹੋਣ ਦਾ ਕਰਮ ਹੈ। ਇਹ ਪ੍ਰਦਰਸ਼ਨ ਨਹੀਂ, ਕੇਵਲ ਇਕ ਵੱਡੀ ਮਰਿਯਾਦਾ ਦੇ ਪ੍ਰਵਾਹ ਵਿਚੋਂ ਚੂਲੀ ਭਰਨ ਦਾ ਯਤਨ ਹੈ ਤੇ ਫੇਰ ਇਸ ਅਨੁਭਵ ਨੂੰ ਪ੍ਰਾਣੀ ਮਾਤਰ ਨਾਲ ਵੰਡ ਕੇ ਮਾਨਵ ਦਾ ਉਪਰਾਲਾ। ਜਿਸ ਦੀ ਜਿਤਨੀ ਨੀਅਤ ਸੱਚੀ ਉਤਨਾ ਹੀ ਉਸ ਦਾ ਸੁਰ ਸੁੱਚਾ। ਹਰੀਜਸ ਗਾਵੇ ਉਹ ਜੋ ਉਸ ਨਿਰਾਕਾਰ ਦੇ ਸਿਮਰਨ ਵਿਚ ਰੱਤਾ ਹੋਵੇ। ਇਹੀ ਇਸ ਫਿਲਮ ਦੀ ਰੂਹ ਹੈ ਤੇ ਇਹੀ ਇਸ ਦਾ ਜੁੱਸਾ। ■

ਧੰਨਵਾਦ ਸਹਿਤ : 'ਪੰਜਾਬੀ ਟ੍ਰਿਬਿਊਨ'

*With compliments from*

**SINGH** Cycle & **Auto Industries**

Phone : 773884 (S), 740595 (R)

Auth. Dealers : Exide Batteries, Pennzoil Lubricants, Mico Bosch, Ceat, Good Year, Scooters, M/C, Tyres-tubes, Car Parts etc.

CEAT PENNZOIL EXIDE MICO

Shop No. 36, Sector 15-D, Chandigarh

*With compliments from*

P.P. Singh

PERFECT OFFICE SYSTEMS
HOUSE OF OFFICE FURNITURE

S.C.O. 80-81, 1st. Floor, 17-C, Chandigarh
Phone : 543360 (Off.), 24959 (Res.)

*Deals in* : Computer Tables, Computer Chairs, Executive Revolving Chairs, Office Tables, Cabinets, Computer Accessories & Interior Decorators

*With compliments from*

P. Sachdeva

DEE-KAY GEARS

dk

Dee-Kay Industries Marg, Off. Lake Road, Bhandup, Mumbai 400 078

Telex : 011-61078 GEAR IN Telephone : 568 0025, 568 6619, 568 0864
Telegram : "GEARBOX" BOMBAY 400 078 Tele Fax : 0091-22-556 3843

# ਸਾਰੰਗੀ

## ਡਾ. ਮੇਵਾ ਸਿੰਘ ਸਿੱਧੂ*

ਤੰਤੀ ਸ਼ਾਖਾ ਦਾ ਇਕ ਵਾਜਾ ਵਿਦਵਾਨ ਪੰਜ ਪ੍ਰਕਾਰ ਦੇ ਵਾਜੇ ਮੰਨਦੇ ਹਨ (1) ਤੰਤੀ ਤਾਰ ਤੇ ਤੰਦ ਦੇ ਵਾਜੇ (2) ਵ੍ਰਿਤ-ਚਮ ਨਾਲ ਮੜ੍ਹੇ ਹੋਏ ਵਾਜੇ (3) ਘਨ-ਧਾਤ ਤੋਂ ਬਣੇ ਵਾਜੇ (4) ਸੁਖਿਰ (ਸੁਸ਼ਿਰ)- ਸਵਾਸ ਨਾਲ ਵੱਜਣ ਵਾਲੇ ਵਾਜੇ ਅਤੇ (5) ਨਾਦ-ਚੰਮ ਆਦਿ ਨਾਲ ਮੜ੍ਹੇ ਬਿਨਾ ਸੁਰ ਪੈਦਾ ਕਰਨ ਵਾਲੇ ਵਾਜੇ। ਸਾਰੰਗੀ ਪਹਿਲੀ ਪ੍ਰਕਾਰ ਦੇ ਅਥਵਾ ਤਾਰ ਦੇ ਵਾਜਿਆਂ ਦਾ ਇਕ ਵਿਸ਼ੇਸ਼ ਰੂਪ ਹੈ। ਅੱਜ ਕਲ ਸੰਗੀਤਕ ਸਾਜ਼ਾਂ ਦਾ ਜੋ ਰੂਪ ਮਿਲਦਾ ਹੈ, ਕਲਾਕਾਰ ਨੇ ਉਸਦਾ ਨਿਰਮਾਨ ਉਸੇ ਰੂਪ ਵਿਚ ਕੀਤਾ ਹੋਵੇਗਾ, ਇਹ ਮੰਨਣਾ ਕਠਨ ਲਗਦਾ ਹੈ। ਸਮੇਂ ਸਮੇਂ ਇਨ੍ਹਾਂ ਨੂੰ ਸੌਖ ਅਤੇ ਸੁੱਚਜ ਨਾਲ ਵਜਾਉਣ ਦੀ ਰੁਚੀ ਅਧੀਨ ਇਨ੍ਹਾਂ ਵਿਚ ਅਨੇਕਾਂ ਤਰ੍ਹਾਂ ਦੇ ਪਰਿਵਰਤਨ ਕੀਤੇ ਜਾਂਦੇ ਰਹੇ ਹੋਣਗੇ। ਪ੍ਰੋ. ਸਾਂਭਾਮੂਰਥੀ ਦੇ ਵਿਚਾਰ ਅਨੁਸਾਰ ਵੈਦਿਕ ਕਾਲ ਵਿੱਚ ਸਾਜਾਂ ਦੀ ਹੋਂਦ ਨਹੀਂ ਸੀ। ਉਸ ਸਮੇਂ ਵੇਦ ਮੰਤਰ ਉਦਾਤਾ, ਅਨੁਦਾਤਾ, ਸ਼ਵਰੀਤਾਂ ਵਿਚ ਹੀ ਗਾਈਦੇ ਸਨ। ਪਿਛੋਂ ਜਾਕੇ ਇਹ ਮੰਤਰ ਹੋਰ ਰਾਗਾਂ ਵਿਚ ਵੀ ਗਾਏ ਜਾਣ ਲੱਗੇ ਅਤੇ 'ਸਵਰ ਸਪਤਿਕਾ' ਵੀ ਹੋਂਦ ਵਿਚ ਆ ਗਈ। ਬੇਸ਼ੱਕ ਵੇਦਾਂ ਵਿਚ ਸਾਜਾਂ ਦੀ ਹੋਂਦ ਦਾ ਕੋਈ ਹਵਾਲਾ ਨਹੀਂ ਮਿਲਦਾ ਪਰ ਰਵਾਇਤ ਅਨੁਸਾਰ ਸਾਰੰਗੀ ਨਾਰਦ ਮੁਨੀ ਦੇ ਸਾਜ ਇਕਤਾਰਾ ਦਾ ਵਿਕਸਤ ਰੂਪ ਹੈ ਜੋ ਅਨੇਕਾਂ ਰੂਪ ਵਟਾਉਂਦਿਆਂ ਸਮੇਂ ਦੇ ਗੇੜ ਨਾਲ ਅਧੁਨਿਕ ਰੂਪ ਤਕ ਅਪੜਦਾ ਹੈ। ਸਾਰੰਗੀ, ਸਾਰੰਗਾ ਅਤੇ ਸਾਰੰਗਾ ਵੀਨਾ ਆਦਿ ਕਈ ਨਾਂ ਪ੍ਰਾਚੀਨ ਸੰਸਕ੍ਰਿਤ ਗ੍ਰੰਥਾਂ ਵਿਚ ਵਰਤੇ ਗਏ ਮਿਲਦੇ ਹਨ। ਇਸ ਤੋਂ ਸਪੱਸ਼ਟ ਹੈ ਕਿ ਸਾਰੰਗੀ ਸਦੀਆਂ ਤੋਂ ਲੋਕ ਸਾਜ਼ ਵਜੋਂ ਵਰਤੀਂਦੀ ਆ ਰਹੀ ਹੈ, ਪਰ ਸਤਾਹ੍ਰਵੀਂ ਸਦੀ ਵਿਚ ਇਹ ਆਪਣੇ ਅਧੁਨਿਕ ਰੂਪ ਨੂੰ ਪੁਜਦੀ ਹੈ। ਸਾਰੰਗੀ ਕਿਸੇ ਸਮੇਂ ਪੱਛਮ ਵਿਚ ਵੀ ਵਜਦੀ ਰਹੀ ਹੈ। ਅਜ ਕਲ ਸਾਰੰਗੀ ਦੇ ਅਨੇਕਾਂ ਰੂਪ ਦੇਖਣ ਵਿਚ ਆਉਂਦੇ ਹਨ, ਪਰ ਇਸਦੇ ਦੋ ਪ੍ਰਕਾਰ ਵਿਸ਼ੇਸ਼ ਹਨ। (ੳ) ਤਰਬਵਾਲੀ ਸਾਰੰਗੀ ਅਤੇ (ਅ) ਬਿਨਾ ਤਰਬ ਸਾਰੰਗੀ। ਬਿਨਾਂ ਤਰਬਵਾਲੀ ਸਾਰੰਗੀ ਜੋਗੀਆਂ ਜਾਂ ਸਾਧਾਰਣ ਪ੍ਰਕਾਰ ਦੇ ਸਾਜਿੰਦਿਆਂ ਵਲੋਂ ਵਜਾਈ ਜਾਂਦੀ ਹੈ ਜਦੋਂ ਕਿ ਤਰਬਵਾਲੀ ਸਾਰੰਗੀ ਗੁਣੀ ਸਾਜ਼ਿੰਦੇ ਵਜਾਉਂਦੇ ਹਨ। ਇਨ੍ਹਾਂ ਤੋਂ ਬਿਨਾਂ ਭਾਰਤ ਦੇ ਵੱਖ ਵੱਖ ਇਲਾਕਿਆਂ ਵਿਚ ਕਈ ਪ੍ਰਕਾਰ ਦੀਆਂ ਸਾਰੰਗੀਆਂ ਪ੍ਰਚਲਿਤ ਹਨ, ਜਿਵੇਂ ਰਾਜਿਸਥਾਨ ਵਿਚ ਧਨੀ ਸਾਰੰਗੀ ਇਸਦਾ ਮੁੱਖ ਭਾਗ ਲੱਕੜ ਦਾ ਹੁੰਦਾ ਹੈ ਅਤੇ ਦੇਦ ਪਸਿਲੀ ਸਾਰੰਗੀ, ਜਿਸਨੂੰ ਜੋਗੀ ਲੋਕ ਵਜਾਉਂਦੇ ਹਨ। ਗੁਜਰਾਤ ਵਿਚ ਵੀ ਤਕਰੀਬਨ ਰਾਜਸਥਾਨੀ ਸਾਰੰਗੀ ਵਰਗੀ ਹੀ ਵਜਾਈ ਜਾਂਦੀ ਹੈ। ਪਰ ਇਸਦਾ ਮੁੱਖ ਭਾਗ ਲੋਹੇ ਦਾ ਹੁੰਦਾ ਹੈ ਅਤੇ ਲਾਂਗਾ ਜਾਤੀ ਦੇ ਲੋਕ ਆਮ ਵਜਾਉਂਦੇ ਹਨ। ਜੋਗੀਆ ਸਾਰੰਗੀ ਇਕ ਵਿਸ਼ੇਸ਼ ਪ੍ਰਕਾਰ ਦੀ ਸਾਰੰਗੀ ਹੈ ਇਸ ਤੇ ਸਥਾਨਕ ਬਹਾਦਰਾਂ ਦੀਆਂ ਵਾਰਾਂ ਜੋਗੀ ਲੋਕ ਗਾਉਂਦੇ ਹਨ।




ਸਿੰਧੀ ਸਾਰੰਗੀ, ਇਸਦਾ ਮੁੱਖ ਭਾਗ ਲੋਹੇ ਦਾ ਹੁੰਦਾ ਹੈ ਜੋਗੀ ਤੇ ਗਰਾਦੀ ਲੋਕ ਵਜਾਉਂਦੇ ਹਨ। ਜਨਤਾਰ ਮੱਧਪ੍ਰਦੇਸ਼ ਵਿਚ ਸਾਰੰਗੀ ਦੀ ਕਿਸਮ ਦਾ ਸਾਜ ਹੈ ਇਸਦੀ ਬਣਾਵਟ ਬਹੁੱਤ ਸੁੰਦਰ ਹੈ ਅਤੇ ਇਸਨੂੰ ਰਾਜ ਗੋਂਡ ਜਾਤੀ ਦੇ ਲੋਕ ਵਜਾਉਂਦੇ ਹਨ। ਉਪਰੋਕਤ ਤੋਂ ਬਿਨ੍ਹਾਂ ਭਾਰਤ ਤੇ ਵੱਖ ਵੱਖ ਹਿੱਸਿਆਂ ਵਿਚ ਸਾਰੰਗੀ ਨੂੰ ਥੋੜੇ ਬਹੁਤ ਬਨਾਵਟੀ ਅੰਤਰ ਸਦਕਾ ਵੱਖ ਵੱਖ ਨਾਵਾਂ ਨਾਲ ਪੁਕਾਰਿਆਂ ਜਾਂਦਾ ਹੈ, ਜਿਵੇਂ ਚਿਕਾਰਾ, ਜੋਗੀ ਕੇਂਦਰਾਂ ਅਤੇ ਮਾਝੀ ਕੇਂਦਰ (ਉੜੀਸਾ), ਕੇਂਦਰਾਂ ਤੇ ਬਾਨਮ (ਬਿਹਾਰ) ਕੁਲਾਵ ਵੀਨਾ ਜਾਂ ਵੀਨ ਕੁੰਜੂ (ਕੇਰਲਾ), ਸਿੰਰਦਾ, ਰਾਵਨ ਹਾਥਾ, ਕਮੰਚਾ ਚਿਕਾਰਾ (ਰਾਜਸਥਾਨ), ਚਿਕਾਰਾ (ਮਧ ਪ੍ਰਦੇਸ਼), ਸਾਰੰਗਾਂ, ਚਿਕਾਰਾ; ਸ਼ਾਰਨ, ਸਾਜ-ਏ-ਕਸ਼ਮੀਰ (ਜੰਮੂ ਕਸ਼ਮੀਰ), ਕੋਕਾ (ਮਹਾਰਾਸ਼ਟਰਾ), ਟੈਂਕੀਆਂ ਬੂਰਾ) ਆਂਧਰਾ, ਪੈਨਾ, ਲਹਾਸਿਰੰਦਾ, ਸਾਨੰਨਤ (ਮਨੀਪੁਰ), ਕੰਮਪੂਰਨਸਿਰੰਦਾ (ਤਿਰੀਪੁਰਾ) ਆਦਿ ਸਭ ਸਾਰੰਗੀ ਦੀ ਕਿਸਮ ਦੇ ਹੀ ਸਾਜ ਹਨ ਜੋ ਤਾਰਾਂ ਦੀ ਸਹਾਇਤਾ ਨਾਲ ਵਜਦੇ ਹਨ। ਇਨ੍ਹਾਂ ਦੀ ਬਣਾਵਟ ਵਿਚ ਇਲਾਕੇ ਅਨੁਸਾਰ ਭਿੰਨਤਾ ਹੈ। ਇਨ੍ਹਾਂ ਤੋਂ ਬਿਨਾਂ ਤਾਨਪੂਰਾ, ਕਿਨਰੀ, ਥੋਨਾ (ਮਦਰਾਸ), ਰਬਾਬ, ਸੁਰਸ਼ਟੰਗਾਰ, ਸ਼ਤਤੰਤਰੀ ਅਥਵਾ ਮਤਕੋਕਲੀ ਬੀਣਾ, ਸਿਤਾਰ ਤੋਂ ਇਸਰਾਜ ਆਦਿ ਸਭ ਇਸੇ ਜਾਤੀ ਦੇ ਸਾਜ ਹਨ।

ਸਾਰੰਗੀ ਉਤਰੀ ਭਾਰਤ ਦਾ ਬਹੁਤ ਪ੍ਰਸਿੱਧ ਸਾਜ ਹੈ। ਗਾ ਮਾ ਕਾਜ ਦੀਆਂ ਸਾਰੀਆਂ ਕਿਸਮਾਂ ਇਸ ਤੋਂ ਕੱਢਣੀਆਂ ਬਹੁਤ ਸੌਖੀਆਂ ਹਨ। ਸਾਰੰਗੀ ਖੱਬੇ ਮੋਢੇ ਤੇ ਰੱਖਕੇ ਘੋੜੇ ਦੇ ਵਾਲਾਂ ਨਾਲ ਬਣੀ ਕਮਾਣ (ਗੱਜ) ਸੱਜੇ ਹੱਥ ਨਾਲ ਰਗੜਕੇ ਵਜਾਈ ਜਾਂਦੀ ਹੈ। ਜਿਸਨੂੰ ਮੁੱਠੇ ਕੋਲ ਘੁੰਗਰੂ ਲਗੇ ਹੁੰਦੇ ਹਨ ਜੋ

* # 1470 ਗਲੀ ਨੰ : 14 ਗੁਰਬਖ਼ਸ਼ ਕਾਲੋਨੀ, ਪਟਿਆਲਾ

ਸੰਗੀਤਕ ਲੈਅ/ਪੈਦਾ ਕਰਨ ਵਿਚ ਸਹਾਈ ਹੁੰਦੇ ਹਨ। ਖੱਬੇ ਹੱਥ ਦੀਆਂ ਉਂਗਲਾਂ ਨਾਲ ਸੁਰਾਂ ਕੱਢੀਆਂ ਜਾਂਦੀਆਂ ਹਨ।

ਸਾਰੰਗੀ ਤਕਰੀਬਨ ਦੋ ਫੁੱਟ ਲੰਬੀ ਹੁੰਦੀ ਹੈ। ਇਸ ਵਿਚ ਤੂੰਬੇ ਦੀ ਥਾਂ ਲਕੜੀ ਦਾ ਬਣਿਆ ਪੇਟ ਹੁੰਦਾ ਹੈ ਜਿਹੜਾ ਥੱਲੇ ਵਾਲੇ ਪਾਸਿਓਂ ਚੌੜਾ ਤਥਾ ਉਪਰ ਵਾਲੇ ਪਾਸਿਓਂ ਡਮਰੂ ਦੇ ਆਕਾਰ ਦਾ ਹੁੰਦਾ ਹੈ ਜੋ ਲਕੜੀ ਨੂੰ ਖੋਦ ਕੇ ਬਣਾਇਆ ਜਾਂਦਾ ਹੈ ਇਹ 6 ਉਂਗਲ ਲੰਬਾ ਤੇ 4 ਉਂਗਲ ਚੌੜਾ ਹੁੰਦਾ ਹੈ ਅਤੇ ਉਪਰੋਂ ਚਮੜੇ ਨਾਲ ਮੜ੍ਹਿਆ ਜਾਂਦਾ ਹੈ। ਪੇਟ ਦੇ ਵਿਚਕਾਰ ਘੜੁੱਚ ਲਗਾਈ ਜਾਂਦੀ ਹੈ। ਪੇਟ ਦੇ ਥੱਲੇ ਤੋਂ ਚਾਰ ਮੋਟੀਆਂ ਤਾਰਾਂ ਘੜੁੱਚ ਦੇ ਉਪਰੋਂ ਦੀ ਹੁੰਦੀਆਂ ਹੋਈਆਂ ਉਪਰ ਕਿੱਲੀਆਂ ਵਲ ਜਾਂਦੀਆਂ ਹਨ। ਉਪਰੋਕਤ ਚਾਰ ਕਿੱਲੀਆਂ ਤੋ 'ਬਿਨਾਂ ਇਸ ਵਿਚ ਸਰਬ ਦੀਆਂ ਗਿਆਰਾਂ ਕਿੱਲੀਆਂ ਸਾਹਮਣੇ ਮੱਥੇਦੀਆਂ ਹਨ। ਦਖਣੀ ਪਾਸੇ ਵਿਚ ਤਰਬ ਦੀਆਂ 24 ਕਿੱਲੀਆਂ ਹੁੰਦੀਆਂ ਜਿਨ੍ਹਾਂ ਉਤੇ ਪਿਤਲ ਅਤੇ ਕੁਝ ਲੋਹੇ ਦੀਆਂ ਤਾਰਾਂ ਚੜ੍ਹਾਈਆਂ ਜਾਂਦੀਆਂ ਹਨ ਜਦੋਂ ਕਿ ਸਾਹਮਣੇ ਦੀਆਂ ਤਾਰਾਂ (ਮੋਟੀਆਂ ਅਤੇ ਬਾਰੀਕ) ਬਕਰੇ ਦੀਆਂ ਅੰਤੜੀਆਂ ਵਿਸ਼ੇਸ਼ ਢੰਗ ਨਾਲ ਸੂਤਕੇ ਅਤੇ ਪੂਰੇ ਤਾਨ ਨਾਲ ਖਿਚਕੇ ਬਣਾਈਆਂ ਜਾਂਦੀਆਂ ਹਨ। ਤੰਦੀ ਦੀਆਂ ਤਾਰਾਂ ਹੁੰਦੀਆ ਹਨ। ਇਨ੍ਹਾਂ ਮੋਟੀਆਂ ਤਾਰਾਂ ਨੂੰ ਹੀ ਘੋੜੇ ਦੀ ਪੂਛ ਦੇ ਵਾਲਾਂ ਨਾਲ ਬਣਾਏ 30 ਇੰਚ ਲੰਬੇ ਗਜ਼ (ਕਮਾਣ) ਨਾਲ ਵਜਾਇਆ ਜਾਂਦਾ ਹੈ ਅਤੇ ਖੱਬੇ ਹੱਥ ਦੇ ਨਹੁੰਆਂ ਨਾਲ ਇਛਾ ਅਨੁਸਾਰ ਸਵਰ ਪੈਦਾ ਕੀਤੀ ਜਾਂਦੀ ਹੈ ਜੋ ਪੱਖਿਆਂ ਨਾਲ ਨਹੀਂ ਸਗੋਂ ਅਭਿਆਸ ਨਾਲ ਹੀ ਪੈਦਾ ਕੀਤੀ ਜਾ ਸਕਦੀ ਹੈ। ਸਾਹਮਣੇ ਮੱਥੇ ਤਰਬ ਦੀਆਂ ਤਾਰਾਂ ਦੀਆਂ ਜੋ ਕਿੱਲੀਆਂ ਹੁੰਦੀਆਂ ਹਨ ਉਨ੍ਹਾਂ ਵਾਸਤੇ ਮੇਰੂ (ਸੁਰਾਖ) ਦੇ ਕੋਲ ਹੀ ਦੋ ਛੋਟੇ ਛੋਟੇ ਘੜੁੱਚ ਲਗੇ ਹੁੰਦੇ ਹਨ ਜਿਨ੍ਹਾਂ ਦੇ ਉਪਰ ਦੀ ਹੋ ਕੇ ਹੀ ਇਹ ਸਾਹਮਣੀਆਂ ਗਿਆਰਾਂ ਤਾਰਾਂ ਉਪਰ ਜਾਂਦੀਆਂ ਹਨ। ਬਣਤਰ ਦੇ ਪੱਖ ਤੋਂ ਸਾਰੰਗੀ ਦੇ ਕਈ ਰੂਪ ਹਨ ਪਰ ਮੁੱਖ ਰੂਪ ਵਿਚ ਬਣਾਵਟ ਦਾ ਢੰਗ ਇਕੋ ਜਿਹਾ ਹੈ। ਤਰਬ ਦੀਆਂ ਬੰਬਈ ਦੇ ਗੰਧਰਵ ਮਹਾਂ ਵਿਦਿਆਲੇ ਵਿਚ ਇਕ ਸਤ ਫੁੱਟ ਲੰਬੀ ਸਾਰੰਗੀ ਹੈ ਜਿਸਨੂੰ ਕਨਸਰਟ ਵਿਚ ਵਜਾਉਣ ਲਈ ਬਣਾਇਆ ਗਿਆ ਹੈ। ■


**ਤਿੰਨ ਅਨਮੋਲ ਪੁਸਤਕਾਂ**

- ਗੁਰੂ ਗੋਬਿੰਦ ਸਿੰਘ ਰਾਗ-ਰਤਨਾਵਲੀ (ਪ੍ਰੋ. ਤਾਰਾ ਸਿੰਘ)
- ਗੁਰਮਤਿ ਸੰਗੀਤ ਵਿਸ਼ੇਸ਼ ਅੰਕ
- ਸਹਿਜ ਧੁਨ (ਪ੍ਰੋ. ਪਰਮਜੋਤ ਸਿੰਘ)

*ਕੇਵਲ ਸੌ ਰੁਪਏ ਵਿਚ ਡਾਕ ਖਰਚ ਸਮੇਤ*

*ਅੰਮ੍ਰਿਤ ਕੀਰਤਨ ਟ੍ਰਸਟ*

*422, ਸੈਕਟਰ 15 ਏ, ਚੰਡੀਗੜ੍ਹ*

*With compliments from*

K.T.S. TULSI
Senior Advocate

11-B, Mathura Road,
Adj. Hotel Rajdoot,
Jangpura, New Delhi - 110014

*With compliments from*

*Yashpal Singh Kohli*

HOTEL AROMA COMPLEX
Himalaya Marg, Sector 22-C, Chandigarh 160 022
Phone : 700045-48 Fax : 0172-700051

HOTEL AROMA COMPLEX
SINCE 1953

## ਬੇਦੀ ਲਾਲ ਸਿੰਘ ਸਾਹਿਤਕਾਰ *

ਮੰਦਰ ਕਲਾ ਦੇ ਯੁਗ ਵਿੱਚ ਮੰਦਰਾਂ ਵਿੱਚ ਪ੍ਰਭੂ ਉਸਤਤੀ ਦੇ ਭਜਨ ਗਾਇਨ ਦੀ ਪ੍ਰੰਪਰਾ ਉਸ ਸਮੇਂ ਦੇ ਪੰਡਤਾਂ ਨੇ ਪ੍ਰਚਲਿਤ ਕੀਤੀ। ਪੁਰਾਤਨ ਕਾਲ ਵਿੱਚ ਸੰਗੀਤ ਆਮ ਕਰਕੇ ਬ੍ਰਾਹਮਣ ਹੀ ਗਾਇਆ ਕਰਦੇ ਸਨ। ਸਗੋਂ ਇਹਨਾਂ ਨੇ ਸੰਗੀਤ ਨੂੰ ਆਪਣਾ ਪੇਸ਼ਾ ਹੀ ਬਣਾ ਲਿਆ ਸੀ। ਇਹ ਜੱਦੀ ਪੁਸ਼ਤੀ ਸੰਗੀਤ ਦੀ ਸੇਵਾ ਕਰਦੇ ਸਨ। ਪੁਰਾਤਨ ਕਾਲ ਵਿੱਚ ਮੰਦਰਾਂ ਵਿੱਚ ਤੰਤੀ ਸਾਜਾਂ ਨਾਲ ਹੀ ਭਜਨ ਗਾਏ ਜਾਂਦੇ ਸਨ। ਸੰਗੀਤ ਕਲਾ ਦਾ ਸਭ ਤੋਂ ਪੁਰਾਣਾ ਕੇਂਦਰ ਕਾਂਸ਼ੀ ਹੀ ਪ੍ਰਸਿੱਧ ਸੀ। ਇਸ ਨਗਰ ਵਿੱਚ ਸੰਗੀਤ ਕਲਾ ਦੇ ਕਈ ਸਿਖਾਂਦਰੂ ਕੇਂਦਰ ਸਨ। ਹਰ ਮੰਦਰ ਵਿੱਚ ਸਵੇਰੇ ਜੋ ਭਜਨ ਗਾਏ ਜਾਂਦੇ ਸਨ ਉਸ ਸਮੇਂ ਨੂੰ ਸੰਗੀਤ ਦਰਬਾਰ ਦੇ ਨਾਂ ਨਾਲ ਪ੍ਰਸਿੱਧੀ ਹਾਸਲ ਹੋਈ। ਇਹ ਸੰਗੀਤ ਦਰਬਾਰ ਵਿਸ਼ੇਸ਼ ਕਰਕੇ ਹੋਲੀਆਂ ਦੇ ਦਿਨਾਂ ਵਿੱਚ ਹੋਇਆ ਕਰਦੇ ਸਨ। ਰਾਗੀ ਲੋਕ ਇਨਾਂ ਸਮਾਗਮਾਂ ਵਿੱਚ ਆਪਣੀ ਸੰਗੀਤ ਕਲਾ ਦੀਆਂ ਵਿਸ਼ੇਸ਼ਤਾਈਆਂ ਦਾ ਪ੍ਰਗਟਾਵਾ ਕਰਕੇ ਪ੍ਰਸਿੱਧੀ ਪ੍ਰਾਪਤ ਕਰਦੇ ਸਨ। ਉਹਨ੍ਹਾਂ ਇਨਾਂ ਵਿਚ ਤੰਤੀ ਸਾਜਾਂ ਨਾਲ ਮਰਦੰਗ ਦੀ ਹੀ ਸੰਗਤ ਹੁੰਦੀ ਸੀ।

ਜਦ ਭਾਰਤ ਵਿੱਚ ਮੁਸਲਿਮ ਹਕੂਮਤ ਕਾਇਮ ਹੋਈ ਤਾਂ ਕਈ ਰਾਗੀਆਂ ਨੇ ਹਕੂਮਤ ਦੇ ਤਸ਼ੱਦਦ ਤੋਂ ਡਰਦੇ ਮਾਰੇ ਇਸਲਾਮ ਮੱਤ ਧਾਰਨ ਕਰ ਲਿਆ ਜਿਸਦੇ ਫਲਸਰੂਪ ਮੁਸਲਮਾਨ ਹੋਏ ਬ੍ਰਾਹਮਣ ਰਾਗੀਆਂ ਨੇ ਬਾਦਸ਼ਾਹਾਂ ਨੂੰ ਖੁਸ਼ ਕਰਨ ਲਈ ਸੰਗੀਤ ਦਰਬਾਰ ਵਿੱਚ ਕਵਾਲੀ ਦੀ ਪ੍ਰੰਪਰਾ ਪ੍ਰਚਲਿਤ ਕੀਤੀ। ਕਵਾਲੀ ਸ਼ਬਦ ਅਰਬੀ ਭਾਸ਼ਾ ਦਾ ਹੈ ਜਿਸਦੇ ਅਰਥ ਹਨ ਗਾਣਾਂ ਵਜਾਣਾ। ਇਹ ਪ੍ਰੰਪਰਾ ਬਾਦਸ਼ਾਹ ਦੇ ਦਰਬਾਰਾਂ ਵਿੱਚ, ਸੂਫੀਆਂ ਦਰਵੇਸ਼ਾਂ ਦੇ ਡੇਰਿਆਂ ਵਿੱਚ ਬੜੇ ਜ਼ੋਰ ਨਾਲ ਪ੍ਰਚਲਿਤ ਕੀਤੀ। ਕਵਾਲੀ ਦੇ ਸ਼ਬਦ ਸਿਰਫ ਹਕੀਕਤ ਤੇ ਸੂਫੀ ਵਿਚਾਰਾਂ ਤੇ ਹੀ ਨਿਰਭਰ ਹੁੰਦੇ ਸਨ। ਕਵਾਲੀ ਦਾ ਅੰਦਾਜ਼ ਬੜਾ ਹੀ ਜੋਸ਼ੀਲਾ ਹੁੰਦਾ ਹੈ। ਕਵਾਲ ਹਕੀਕਤ ਦੇ ਸ਼ਬਦਾਂ ਨੂੰ ਅਜਿਹੇ ਅੰਦਾਜ਼ ਨਾਲ ਗਾਉਂਦੇ ਕਿ ਸਰੋਤੇ ਝੂਮ ਉੱਠਦੇ ਹਨ। ਕਵਾਲੀ ਗਾਉਣ ਵਾਲੇ ਨੂੰ ਗਵੱਈਆਂ ਡੂਮ ਮੁਤਰਿਬ ਦੇ ਨਾਂ ਨਾਲ ਸੰਬੋਧਨ ਕੀਤਾ ਜਾਂਦਾ ਸੀ। ਕਵਾਲੀ ਗਾਉਣ ਵਾਲਿਆਂ ਦੇ ਪ੍ਰਸਿੱਧ ਘਰਾਣੇ ਕਾਂਸ਼ੀ, ਪਟਿਆਲੇ ਤੇ ਦਿੱਲੀ ਵਿੱਚ ਪਾਏ ਜਾਂਦੇ ਸਨ। ਪਾਕਿਸਤਾਨ ਬਣਨ ਨਾਲ ਪ੍ਰਸਿੱਧ ਕੁਵਾਲ ਪਾਕਿਸਤਾਨ ਵਿੱਚ ਚਲੇ ਗਏ ਤੇ ਹੁਣ ਪੰਜਾਬ ਵਿੱਚ ਮਲੇਰਕੋਟਲੇ ਅਤੇ ਪਟਿਆਲੇ ਵਿੱਚ ਪ੍ਰਸਿੱਧ ਕਵਾਲ ਰਹਿੰਦੇ ਹਨ।

ਫਿਰ ਆਇਆ ਪੰਜਾਬ ਵਿੱਚ ਬਾਬੇ ਨਾਨਕ ਜੀ ਦਾ ਸਮਾਂ ਤੇ ਉਹਨਾਂ ਨੇ ਭਜਨ ਸੰਗੀਤ ਕਵਾਲੀ ਦੀ ਥਾਂ ਗਾ ਕੇ ਅਕਾਲ ਦੀ ਪ੍ਰਾਪਤੀ ਦੀ ਰੀਤ ਪ੍ਰਚਲਿਤ ਕੀਤੀ ਅਤੇ ਇਸ ਪ੍ਰੰਪਰਾ ਦਾ ਨਾਂ ਕੀਰਤਨ ਰੱਖਿਆ। ਗੁਰੂ ਨਾਨਕ ਦੇਵ ਜੀ ਨੇ ਵੀ ਪ੍ਰਭੂ ਦੀ ਉਸਤਤਿ ਤੰਤੀ ਸਾਜਾਂ ਨਾਲ ਹੀ ਕਰਨੀ ਆਰੰਭੀ। ਕੀਰਤਨ ਦਾ ਪੰਜਾਬ ਵਿੱਚ ਛੇਤੀ ਹੀ ਬੋਲਬਾਲਾ ਹੋ ਗਿਆ। ਗੁਰੂ ਅਰਜਨ ਦੇਵ ਜੀ ਨੇ ਕੀਰਤਨ ਦੀ ਪਰੰਪਰਾ ਨੂੰ ਪ੍ਰਮੁੱਖ ਸਥਾਨ ਦਿੱਤਾ। ਹਰਿਮੰਦਰ ਸਾਹਿਬ ਵਿਖੇ ਉਹਨਾਂ ਨੇ ਸਵੇਰੇ ਆਸਾ ਦੀ ਵਾਰ ਤੇ ਸੰਧਿਆ ਵੇਲੇ ਰਹਿਰਾਸ ਦੀ ਬਾਣੀ ਦਾ ਕੀਰਤਨ ਕਰਨਾ ਪ੍ਰਚਲਿਤ ਕੀਤਾ। ਇਸ ਪਰੰਪਰਾ ਦਾ ਸਾਰੇ ਪੰਜਾਬ ਵਿੱਚ ਹੀ ਛੇਤੀ ਬੋਲ ਬਾਲਾ ਹੋ ਗਿਆ। ਹੁਣ ਤਾਂ ਇਹ ਹੈ ਕਿ ਦੁਨੀਆਂ ਭਰ ਵਿੱਚ ਜਿੱਥੇ ਵੀ ਸਿੱਖ ਰਹਿੰਦੇ ਹਨ ਉੱਥੇ ਕੀਰਤਨ ਦਾ ਬੋਲਬਾਲਾ ਹੈ। ਹੁਣ ਪ੍ਰਮਾਣਿਕ ਰਾਗਾਂ ਵਿੱਚ ਕੀਰਤਨ ਕਰਨ ਜਾਂ ਸ਼ਬਦ ਗਾਉਣ ਨੂੰ ਤਰਜੀਹ ਦਿੱਤੀ ਜਾ ਰਹੀ ਹੈ।

**ਕੀਰਤਨ ਦੀ ਵਿਸ਼ੇਸ਼ਤਾ** :- ਕੀਰਤਨ ਨਾਲ ਮਨ ਵਿੱਚ ਇਕਾਗਰਤਾ ਜਨਮ ਲੈਂਦੀ ਹੈ। ਇਸ ਦੇ ਕਾਰਨ ਮਨ ਟਿਕ ਕੇ ਗੁਰ ਚਰਨਾਂ ਨਾਲ ਜੁੜ ਜਾਂਦਾ ਹੈ। ਸੱਚ ਤਾਂ ਇਹ ਹੈ ਕਿ ਆਵਾਜ਼ ਆਪਣੇ ਅੰਦਰ ਇੱਕ ਵਿਸ਼ੇਸ਼ ਖਿੱਚ ਦੀ ਸ਼ਕਤੀ ਰੱਖਦੀ ਹੈ। ਜਿਵੇਂ ਤੁਸੀਂ ਕਿਸੇ ਵਿਅਕਤੀ ਨੂੰ ਆਪਣੇ ਪਾਸ ਬਲਾਉਣ ਲਈ ਉਸਨੂੰ ਬੁਲਾਉਂਦੇ ਹੋ ਤਾਂ ਉਹ ਤੁਹਾਡੀ ਆਵਾਜ਼ ਦੀ ਖਿੱਚ ਸਕਦਾ ਉਹ ਝਟ ਤੁਹਾਡੇ ਪਾਸ ਆ ਜਾਂਦਾ ਹੈ। ਇਹ ਹੈ ਤੁਹਾਡੀ ਬਾਹਰ ਦੀ ਆਵਾਜ਼ ਸ਼ਕਤੀ ਜੋ ਸੁਰ-ਤਾਲ ਤੇ ਰਾਗ ਦੀ ਸ਼ਕਤੀ ਇਸ ਨਾਲ ਬਹੁਤ ਹੀ ਭਾਰੀ ਸ਼ਕਤੀ ਰੱਖਦੀ ਹੈ ਭਾਵ ਜਿਵੇਂ ਘੰਡਾ ਹੇੜਾ ਦੀ ਸੁਰ ਸੁਰ (ਆਵਾਜ਼) ਸੁਣ ਕੇ ਉਸ ਤੋਂ ਅਜਿਹੀ ਮਸਤੀ ਵਿੱਚ ਆਉਂਦਾ ਹੈ ਕਿ ਸ਼ਿਕਾਰੀ ਝੱਟ ਉਸਨੂੰ ਕਾਬੂ ਕਰ ਲੈਂਦਾ ਹੈ। ਬੀਨ ਦੀ ਸੁਰ ਤੇ ਜ਼ਹਿਰੀ ਸੱਪ ਮਸਤ ਹੋ ਕੇ ਸਪੇਰੇ ਦੇ ਪਿੰਜਰੇ ਵਿੱਚ ਪੈ ਜਾਂਦਾ ਹੈ। ਸ੍ਰੀ ਕ੍ਰਿਸ਼ਨ ਮਹਾਰਾਜ ਜੀ ਬੰਸਰੀ ਦੀ ਸੁਰ ਵਿੱਚ ਗਊਆਂ ਮਸਤ ਹੋ ਜਾਂਦੀਆਂ ਸਨ ਉਹ ਜਿਧਰ ਜੀ ਕਰਦਾ ਗਊਆਂ ਨੂੰ ਲੈ ਜਾਂਦੇ ਸਨ। ਵੰਝਲੀ ਦੀ ਸੁਰ ਤੇ ਰਾਂਝੇ ਦੀਆਂ ਮਹੀਆਂ ਅਜਿਹੀਆਂ ਲੱਗੀਆਂ ਹੋਈਆਂ ਸਨ ਕਿ ਜਿਧਰ ਉਸਦਾ ਜੀ ਕਰਦਾ ਵੰਝਲੀ ਦੀ ਸੁਰ ਨਾਲ ਲੈ ਜਾਂਦ ਸੀ। ਸਿੱਟੇ ਵਜੋਂ ਕਿ ਸੰਗੀਤ ਕੁਵਾਲੀ ਰੂਪ ਵਿੱਚ ਗਾਉਣ ਨਾਲ ਸਰੋਤਿਆਂ ਨੂੰ ਕੀਲ ਲੈਂਦੇ ਹਨ। ਰਾਗੀ ਇੱਕ ਸੁਰਤਾ ਨਾਲ ਅਜਿਹਾ ਹੋ ਸਕਦਾ ਹੈ ਬਿਨ੍ਹਾਂ ਇਕਾਗਰਤਾ ਦੇ ਕੀਰਤਨ ਅਜਿਹੀ ਵਿੱਚ ਮਸਤੀ ਵੈਰਾਗ ਪੈਦਾ ਨਹੀਂ ਕਰ ਸਕਦਾ। ਇਹੀ ਵਜ਼ਾ ਹੈ ਕਿ ਸਾਡੇ ਗੁਰਦੁਆਰਿਆਂ ਵਿੱਚ ਕੀਰਤਨ ਕਰਨ ਵਾਲੇ ਕੀਰਤਨੀਏ ਇਕ ਸੁਰਤਾਲ ਨਾਲ ਕੀਰਤਨ ਨਹੀਂ ਕਰਦੇ। ਉਹਨਾਂ ਦਾ ਆਪਣੀ ਨਜ਼ਰ ਤੇ ਕੰਟਰੋਲ ਨਹੀਂ ਹੁੰਦਾ। ਕੰਠ ਕੀਤਾ ਸ਼ਬਦ ਤਾਂ ਗਾਈ ਜਾਂਦੇ ਹਨ ਪਰ ਅੱਖਾਂ ਦੀ ਚੰਚਲਤਾ ਉਹਨਾਂ ਦੇ ਮਨ ਨੂੰ ਇਕਾਗਰਤਾ ਪ੍ਰਾਦਨ ਨਹੀਂ ਕਰਦੀ। ਜਿਸ ਦੇ ਫਲ ਸਰੂਪ ਉਹਨਾਂ ਦੇ ਕੀਰਤਨ ਤੋਂ ਸਰੋਤੇ ਕੀਲੇ ਨਹੀਂ ਜਾਂਦੇ। ਇਕਾਗਰਤਾ ਨਾਲ ਕੀਰਤਨ ਕਰਨ ਦੇ ਨਾਲ ਪਹਿਲਾਂ ਆਪਣਾ ਮਨ ਵਸ

* ਬੇਦੀ ਨਿਵਾਸ, 48/1, ਨਾਰਾਇਣ ਗੜ੍ਹ, ਅੰਮ੍ਰਿਤਸਰ

ਵਿੱਚ ਹੁੰਦਾ ਹੈ ਫਿਰ ਗੁਰਬਾਣੀ ਨੇ ਕਲਯੁਗ ਵਿੱਚ ਕੀਰਤਨ ਨੂੰ ਹੀ ਪ੍ਰਮੁੱਖਤਾ ਦਿੱਤੀ ਹੈ ਅਤੇ ਇਸਨੂੰ ਜੀਵਨ ਕਲਿਆਣ ਦਾ ਮੁੱਖ ਸਾਧਨ ਦੱਸਿਆ ਹੈ ਗੁਰੂ ਨਾਨਕ ਦੇਵ ਜੀ ਨੇ ਕੋਈ ਤਪ ਨਹੀਂ ਸੀ ਕੀਤਾ ਕੋਈ ਜੋਗ ਨਹੀਂ ਸੀ ਕੀਤਾ ਕੋਈ ਹਠ ਨਹੀਂ ਸੀ ਕੀਤਾ, ਕੋਈ ਚਲੀਹੇ ਨਹੀਂ ਸਨ ਕੱਟੇ, ਕੋਈ ਧੂਣ ਨਹੀਂ ਸੀ ਤਪਾਏ। ਕੇਵਲ ਤੇ ਕੇਵਲ ਇਕ ਸੁਰਤਾ ਨਾਲ ਅਕਾਲ ਪੁਰਖ ਦੀ ਉਸਤਤਿ ਕਰਕੇ ਉਸਦੀ ਪ੍ਰਾਪਤੀ ਕੀਤੀ ਸੀ। ਨਾਂ ਮੰਦਰਾਂ ਵਿੱਚ ਜਾਕੇ ਮੂਰਤੀ ਪੂਜਾ ਕੀਤੀ ਨਾ ਹੀ ਪੰਜੇ ਵਕਤ ਨਮਾਜ ਪੜ੍ਹੀ। ਦੁਨੀਆਂ ਦੇ ਧਾਰਮਿਕ ਇਤਿਹਾਸ ਵਿੱਚ ਕੀਰਤਨ ਨਾਲ ਅਕਾਲ ਦੀ ਪ੍ਰਾਪਤੀ ਦੀ ਮਿਸਾਲ ਇਸ ਤੋਂ ਬਿਨਾਂ ਹੋਰ ਕਿਧਰੇ ਨਹੀਂ ਮਿਲਦੀ।

ਕੀਰਤਨ ਮਨ ਦਾ ਟਕਾਊ ਹੈ। ਇਸ ਅਲੌਕਕ ਹੀਰੇ ਰਾਹੀਂ ਜੀਵ ਦੀ ਮੁਕਤੀ ਹੋ ਸਕਦੀ ਹੈ। ਗੁਰਬਾਣੀ ਕੀਰਤਨ ਦਾ ਲਾਭ (ਫਲ) ਇਸ ਪ੍ਰਕਾਰ ਦੱਸਦੀ ਹੈ।

- ਕੀਰਤਨ ਨਾਲ ਅਕਾਲ ਪੁਰਖ ਪ੍ਰਸੰਨ ਹੁੰਦਾ ਹੈ ਤੇ ਮਨ ਇੱਛਤ ਫਲ ਪ੍ਰਾਪਤ ਹੁੰਦੇ ਹਨ।

*ਕਥਾ ਕੀਰਤਨ ਰਾਗ ਨਾਦ ਧੁਨਿ ਇਹੁ ਬਨਿਓ ਸੁਆਉ ॥*
*ਨਾਨਕ ਪ੍ਰਭ ਸੁਪ੍ਰਸੰਨ ਭਏ ਬਾਂਛਤ ਫਲ ਪਾਉ ॥*

(ਪੰਨਾ 819)

- ਕੀਰਤਨ ਨਾਲ ਜਮਕਾਲ ਤੋਂ ਪ੍ਰਾਣੀ ਬਚਦਾ ਹੈ।

*ਜਹ ਸਾਧੂ ਗੋਬਿੰਦ ਭਜਨੁ ਕੀਰਤਨੁ ਨਾਨਕ ਨੀਤ ॥*
*ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ ॥*

(ਪੰਨਾ 256)

- ਕੀਰਤਨ ਨਾਲ ਜਨਮ ਜਨਮ ਦਾ ਸੁੱਤਾ ਜੀਵ ਜਾਗਦਾ ਹੈ।

*ਭਾਇ ਭਗਤਿ ਪ੍ਰਭ ਕੀਰਤਨਿ ਲਾਗੈ ॥*
*ਜਨਮ ਜਨਮ ਕਾ ਸੋਇਆ ਜਾਗੈ ॥*

(ਪੰਨਾਂ 869)

- ਕੀਰਤਨ ਨਾਲ ਮਨੁੱਖ ਅਤੁੱਲ ਸੁੱਖ ਪਾਉਂਦਾ ਹੈ।

*ਕਰਿ ਕੀਰਤਨ ਮਨ ਸੀਤਲ ਭਏ।*
*ਜਨਮ ਮਰਨ ਕੇ ਕਿਲਵਿਖ ਗਏ।*

(ਪੰਨਾਂ 178)

- ਕੀਰਤਨ ਨਾਲ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਮਿਟ ਜਾਂਦੇ ਹਨ।

*ਸੁਖ ਦਾਤਾ ਦੁਖ ਭੰਜਨਹਾਰਾ ਗਾਉ ਕੀਰਤਨੁ, ਪੂਰਨ ਗਿਆਨੁ।*
*ਕਾਮੁ ਕ੍ਰੋਧੁ, ਲੋਭੁ, ਖੰਡ ਖੰਡ ਕੀਨੇ ਬਿਨਸਿਓ ਮੂੜ ਅਭਿਮਾਨ ॥*

(ਪੰਨਾਂ 676)

- ਕੀਰਤਨ ਸਭਨਾਂ ਧਰਮਾਂ ਤੋਂ ਸ੍ਰਿਸ਼ਟ ਹੈ।

*ਸਭ ਮਹਿ ਪੂਰਿ ਰਹੇ ਪਾਰਬ੍ਰਹਮ*
*ਨਾਨਕ ਹਰਿ ਕੀਰਤਨੁ ਕਰਿ ਅਟਲ ਏਹੁ ਧਰਮ*

(ਪੰਨਾਂ 299)

- ਤ੍ਰਿਕੁਟੀ ਛੁੱਟ ਜਾਂਦੀ ਹੈ ਤੇ ਕਪਾਟ ਖੁੱਲ ਜਾਂਦਾ ਹੈ।

*ਹਰਿ ਕੀਰਤ ਗੁਰਮਤਿ ਜਸ ਗਾਇਓ*
*ਮਨ ਉਘਰੇ ਕਪਟ ਕਪਾਟ*
*ਤ੍ਰਿਕੁਟੀ ਫੋਰਿ ਭਰਮੁ ਭਉ ਭਾਗਾ*
*ਲਜ ਭਾਨੀ ਮਟੁਕੀ ਮਾਟ ॥*

(ਪੰਨਾਂ 686)

- ਕੀਰਤਨ ਦੋਹਾਂ ਜਹਾਨਾਂ ਵਿੱਚ ਸਹਾਇਕ ਹੁੰਦਾ ਹੈ।

*ਐਸਾ ਕੀਰਤਨੁ ਕਰਿ ਮਨ ਮੇਰੇ ॥*
*ਈਹਾ ਊਹਾ ਜੋ ਕਾਮਿ ਤੇਰੈ ॥*

(ਪੰਨਾਂ 236)

- ਕੀਰਤਨ ਨਾਲ ਸਭ ਰੋਗ ਸੋਗ, ਕਲ ਕਲੇਸ਼ ਸਭ ਮਿਟ ਜਾਂਦੇ ਹਨ।

*ਰੋਗ ਸੋਗ ਦੂਖ ਤਿਸੁ ਨਾਹੀ ॥*
*ਸਾਧ ਸੰਗਿ ਹਰਿ ਕੀਰਤਨੁ ਗਾਹੀ ॥*

(ਪੰਨਾਂ 1085)

*ਹਰਿ ਕੀਰਤਨੁ ਸੁਣੈ, ਹਰਿ ਕੀਰਤਨ ਗਾਵੈ ॥*
*ਤਿਸੁ ਜਨ ਦੂਖੁ ਨਿਕਟਿ ਨਹੀਂ ਆਵੈ ॥*

(ਪੰਨਾਂ 190)

- ਕੀਰਤਨ ਸਾਰਿਆਂ ਦਾ ਉਧਾਰ ਕਰਦਾ ਹੈ।

*ਮਨ ਹਰਿ ਕੀਰਤਿ ਕਰਿ ਸਦ ਹੂੰ*
*ਗਾਵਤ, ਸੁਨਤ, ਜਪਤ, ਉਧਾਰੈ*
*ਬਰਨ ਅਬਰਨਾ ਸੰਭਹੂ ॥*

(ਪੰਨਾਂ 529)

- ਕੀਰਤਨ ਵੈਰ ਵਿਰੋਧ ਮਿਟਾ ਦਿੰਦਾ ਹੈ

*ਵੈਰ ਵਿਰੋਧ ਮਿਟੇ ਤਿਹ ਮਨ ਤੇ ॥*
*ਹਰਿ ਕੀਰਤਨੁ ਗੁਰਮੁਖਿ ਜੋ ਸੁਨਤੇ ॥*

(ਪੰਨਾਂ 259)

ਕੀਰਤਨ ਦੇ ਬੇਅੰਤ ਲਾਭ ਹਨ, ਇਸ ਲਈ ਹਰ ਪ੍ਰਾਣੀ ਨੂੰ ਕੀਰਤਨ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਜਦ ਕਿ ਗਾਉਣਾ ਜੀਵ ਨੂੰ ਕੁਦਰਤ ਨੇ ਹੀ ਦਾਤ ਦਿੱਤੀ ਹੈ ਉਸਨੂੰ ਇੱਕ ਚਿੱਤ ਹੋ ਕੇ ਕੀਰਤਨ ਸੁਣਨਾ ਚਾਹੀਦਾ ਹੈ। ਅਜਿਹਾ ਕਰਨ ਨਾਲ ਮਨ ਟਿਕ ਜਾਂਦਾ ਹੈ ਤੇ ਚੰਗੇ ਪਾਸੇ ਲੱਗ ਜਾਂਦਾ ਹੈ ਅਸਲ ਵਿੱਚ ਅਭਿਆਸ ਕਰਨ ਨਾਲ ਕੀਰਤਨ ਦੀ ਪ੍ਰਾਪਤੀ ਹੋ ਜਾਂਦੀ ਹੈ। ਉਪਰੋਕਤ ਦੱਸੇ ਲਾਭਾਂ ਦੇ ਹੁੰਦਿਆਂ ਵੀ ਜੇ ਜਾਣ-ਬੁਝ ਕੇ ਜੀਵ ਕੀਰਤਨ ਨਾ ਕਰੇ ਤੇ ਨਾ ਸੁਣੇ ਤਾਂ ਫਿਰ ਉਸਨੂੰ ਗਿਆਨ ਦੀ ਪ੍ਰਾਪਤੀ ਨਹੀਂ ਹੋ ਸਕਦੀ। ਇਸ ਨਾਲ ਬਾਣੀ ਦਾ ਕੋਈ ਕਸੂਰ ਨਹੀਂ ਹੈ। ਕਸੂਰ ਤਾਂ ਮਨੁੱਖ ਦਾ ਆਪਣਾ ਹੈ ਕਿ ਜੋ ਕਿ ਬਾਣੀ ਨੂੰ ਸਵੀਕਾਰ ਨਹੀਂ ਕਰਦਾ। ■

# ਗੁਰਬਾਣੀ ਸੰਗੀਤ ਦੇ ਗੁਣੀ ਗਿਆਨੀ ਸ੍ਰ: ਦਲਜੀਤ ਸਿੰਘ ਜੀ

ਡਾ. ਮਨਵਿੰਦਰ ਕੌਰ *

ਸਵਰਗੀ ਸਰਦਾਰ ਦਲਜੀਤ ਸਿੰਘ ਜੀ ਉਹ ਮਹਾਨ ਅਤੇ ਗੁਣੀ ਵਿਅਕਤੀ ਸਨ ਜਿਨ੍ਹਾਂ ਗੁਰਬਾਣੀ ਸੰਗੀਤ ਉਪਰ ਖੋਜ ਕੀਤੀ, ਕਈ ਪੁਸਤਕਾਂ ਲਿਖੀਆਂ ਅਤੇ ਕਈ ਬਾਣੀ ਲਿਖਤਾਂ ਦਾ ਅੰਗ੍ਰੇਜ਼ੀ ਭਾਸ਼ਾ ਵਿੱਚ ਅਨੁਵਾਦ ਕੀਤਾ। ਜਿਸ ਤੋਂ ਸਾਡੇ ਵਿਦੇਸ਼ਾਂ ਵਿੱਚ ਬੈਠੇ ਸਿੱਖ ਬਹੁਤ ਲਾਭ ਉਠਾ ਰਹੇ ਹਨ। ਇਹ ਸਾਰਾ ਕਾਰਜ ਸਰਦਾਰ ਦਲਜੀਤ ਸਿੰਘ ਜੀ ਚੁੱਪਚਾਪ ਬੈਠੇ ਜੀਵਨ ਭਰ ਕਰਦੇ ਰਹੇ। ਅਜਿਹੇ ਮਹਾਨ ਵਿਅਕਤੀਆਂ ਨੂੰ ਪ੍ਰਣਾਮ ਕਰਨ ਲਈ ਆਪ ਮੁਹਾਰੇ ਦਿਲ ਕਰ ਉਠਦਾ ਹੈ। ਇਸ ਸਾਰੇ ਖੋਜ ਕਾਰਜਾਂ ਵਿੱਚ ਉਨ੍ਹਾਂ ਦੀ ਪਤਨੀ ਬੀਬੀ ਸੁਰਿੰਦਰ ਕੌਰ ਜੀ ਦਾ ਪੂਰਾ ਯੋਗਦਾਨ ਉਨ੍ਹਾਂ ਦੇ ਨਾਲ ਰਿਹਾ।

**ਖੋਜ ਕਾਰਜ ਅਤੇ ਪੁਸਤਕਾਂ :**

ਸਭ ਤੋਂ ਪਹਿਲੀ ਪੁਸਤਕ 'ਚ ਉਨ੍ਹਾਂ 'ਸਿੱਖ ਸੇਕਰਡ ਮਿਊਜ਼ਿਕ' ਅੰਗ੍ਰੇਜ਼ੀ ਭਾਸ਼ਾ ਵਿਚ ਲਿਖੀ। ਇਸ ਪੁਸਤਕ ਨੂੰ 7 ਅਧਿਆਇਆਂ ਵਿੱਚ ਲਿਖਕੇ 1 ਜੂਨ 1967 ਨੂੰ ਪ੍ਰਕਾਸ਼ਿਤ ਕੀਤਾ। ਦੁਬਾਰਾ ਇਸ ਪੁਸਤਕ ਦਾ ਆਕਾਰ ਕੁਝ ਹੋਰ ਵਧਾ ਕੇ ਉਨ੍ਹਾਂ ਇਸ ਨੂੰ ਦੂਸਰੀ ਵਾਰ ਜਨਵਰੀ 1995 ਵਿਚ ਗਿਆਨੀ ਪਬਲਿਸ਼ਰ ਲੁਧਿਆਣਾ ਤੋਂ ਪ੍ਰਕਾਸ਼ਿਤ ਕਰਵਾਇਆ। ਇਸ ਪੁਸਤਕ ਵਿੱਚ ਗੁਰੂ ਸਾਹਿਬਾਂ ਦਾ ਸੰਗੀਤ, ਗੁਰੂ ਗ੍ਰੰਥ ਸਾਹਿਬ ਵਿੱਚ ਸੰਗੀਤ, ਜੋ ਸਾਡੀ ਜੱਦੀ ਵਿਰਾਸਤ ਹੈ, ਸ਼ਬਦ ਕੀਰਤਨ ਦਾ ਪ੍ਰਦਰਸ਼ਨ ਕਿਵੇਂ ਕੀਤਾ ਜਾਵੇ ? ਸਿੱਖ ਸੰਗੀਤ ਵਿੱਚ ਵਰਤੀਂਦੇਂ ਸਾਜ਼, ਬਾਣੀ ਸੰਗੀਤ ਦਾ ਪਿੱਛਲਾ ਵਿਕਾਸ ਅਤੇ ਭਵਿੱਖ ਆਦਿ ਚੀਜਾਂ ਉੱਪਰ ਪ੍ਰਕਾਸ਼ ਪਾਇਆ ਹੈ। ਅਖੀਰ ਵਿੱਚ 10 ਗੁਰੂ ਸਾਹਿਬਾਨ ਦੇ ਜਨਮ, ਜੋਤੀ ਜੋਤ ਸਮਾਉਣਾ ਵਿਦਿਆ ਪ੍ਰਾਪਤੀ ਦੀਆਂ ਤਾਰੀਖਾਂ ਅਤੇ ਹੋਰ ਸਿੱਖ ਇਤਿਹਾਸ ਨਾਲ ਸੰਬਧਿਤ ਕੁਝ ਮੁੱਖ ਵਿਅਕਤੀਆਂ ਦੇ ਜੀਵਨ ਉਪਰ ਚਾਨਣਾ ਪਾਇਆ ਗਿਆ ਹੈ।

ਦੂਸਰੀ ਪੁਸਤਕ ਸਰਦਾਰ ਦਲਜੀਤ ਸਿੰਘ ਜੀ ਨੇ ਭਾਰਤੀ ਸੰਗੀਤ ਉਪਰ ਲਿਖੀ ਹੈ। 'ਇਨਵੀਟੇਸ਼ਨ ਨੂੰ ਇੰਡੀਅਨ ਮਿਊਜ਼ਿਕ' ਇਸ ਪੁਸਤਕ ਦਾ ਪ੍ਰਕਾਸ਼ਨ ਉਨ੍ਹਾਂ ਅਗਸਤ 1987 ਵਿੱਚ ਕੀਤਾ। ਇਸ ਨੂੰ ਉਨ੍ਹਾਂ 10 ਅਧਿਆਇਆਂ ਵਿੱਚ ਵੰਡਿਆ। ਗਾਇਨ ਲਈ ਆਵਾਜ਼ ਕਿਹੋ ਜਿਹੀ ਹੋਵੇ, ਸੰਗੀਤ ਦੇ ਸਹੀ ਤੱਥ ਕੀ ਹਨ, ਰਾਗ ਅਤੇ ਤਾਲ, (ਲਾਈਟ) ਹਲਕੇ ਸੰਗੀਤ ਅਤੇ ਸ਼ਾਸਤ੍ਰੀ ਸੰਗੀਤ ਦੀਆਂ ਗਾਇਨ ਵਿਧੀਆਂ, ਘਰਾਨਾ ਪ੍ਰੰਪਰਾ ਅਤੇ ਅਖੀਰ ਵਿੱਚ ਸੰਗੀਤ ਰਤਨ ਅਬਦੁਲ ਕੀਰਮ ਖਾਂ ਸਾਹਿਬ ਦੇ ਜੀਵਨ ਉਪਰ ਪ੍ਰਕਾਸ਼ ਪਾਇਆ ਹੈ।

ਉਹਨਾਂ ਦੀ ਤੀਸਰੀ ਪੁਸਤਕ "ਆਸਾ ਦੀ ਵਾਰ" ਟ੍ਰੈਡੀਸ਼ਨ ਹੈ। ਇਸ ਟਾਈਟਲ ਅਧੀਨ, ਅਪ੍ਰੈਲ 1984 ਵਿੱਚ ਲਿਖੀ। ਇਸ ਵਿੱਚ ਉਨ੍ਹਾਂ 'ਆਸਾ ਦੀ ਵਾਰ' ਦਾ ਅਨੁਵਾਦ ਅੰਗ੍ਰੇਜ਼ੀ ਭਾਸ਼ਾ ਵਿੱਚ ਕੀਤਾ।

ਚੌਥੀ ਪੁਸਤਕ ਉਨ੍ਹਾਂ 1990 ਨਵੰਬਰ ਵਿਚ ਪ੍ਰਕਾਸ਼ਿਤ ਕੀਤੀ। ਇਸ ਵਿੱਚ ਸਰਦਾਰ ਦਲਜੀਤ ਸਿੰਘ ਜੀ ਨੇ ਭਾਈ ਗੁਰਦਾਸ ਜੀ ਦੇ 80 ਸਵੈਯੇਆਂ ਦਾ ਅੰਗ੍ਰੇਜ਼ੀ ਵਿੱਚ ਅਨੁਵਾਦ ਕੀਤਾ। ਇਸ ਦਾ ਟਾਈਟਲ ਉਨ੍ਹਾਂ 'ਸਵੈਯੇ ਟ੍ਰੈਡੀਸ਼ਨ' ਭਾਈ ਗੁਰੂ ਦਾਸ ਜੀ' ਰੱਖਿਆ।

ਪੰਜਵੀਂ ਪੁਸਤਕ ਵੀ ਉਨ੍ਹਾਂ 1984 ਵਿਚ ਹੀ ਲਿਖ ਕੇ ਪ੍ਰਕਾਸ਼ਿਤ ਕਰਾਈ, ਜਿਸ ਦਾ ਨਾਮ 'ਭਾਈ ਗੁਰਦਾਸ ਜੀ ਟ੍ਰੈਡੀਸ਼ਨ' ਰੱਖਿਆ। ਇਸ ਵਿੱਚ ਭਾਈ ਗੁਰੂ ਦਾਸ ਜੀ ਦੀਆਂ 180 ਵਾਰਾਂ ਦਾ ਅੰਗ੍ਰੇਜ਼ੀ ਅਨੁਵਾਦ ਕੀਤਾ।

ਇਨ੍ਹਾਂ ਪੁਸਤਕਾਂ ਤੋਂ ਇਲਾਵਾ ਸਵ: ਦਲਜੀਤ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਸੰਗੀਤ ਸੂਚਕ ਸੰਕੇਤ 'ਘਰ' ਪ੍ਰਤੀ ਆਪਣੇ ਵਿਚਾਰ ਪ੍ਰਗਟ ਕੀਤੇ। ਉਨ੍ਹਾਂ ਦੀ ਇਸ ਲਿਖਤ ਨੂੰ ਪੰਥ ਵਲੋਂ ਚੰਗਾ ਹੁੰਗਾਰਾ ਮਿਲਿਆ। ਆਪ ਦੀ ਇਹ ਲਿਖਤ ਸਭ ਤੋਂ ਪਹਿਲਾਂ ਸਪੋਕਸਮੈਨ 30ਵਾਂ ਐਨਵਲ ਨੰ: 1981 ਵਿੱਚ ਛਪੀ। ਉਸ ਤੋਂ ਬਾਦ ਅੰਮ੍ਰਿਤ ਕੀਰਤਨ 'ਐਬਸਟ੍ਰੈਕਟਸ-ਆਫ-ਸਿੱਖ ਸਟੱਡੀ' ਤੇ ਫੇਰ ਕਈ ਹੋਰ ਮੈਗਜ਼ੀਨਾਂ ਵਿੱਚ ਛਪੱਦੀ ਰਹੀ। ਸ: ਦਲਜੀਤ ਸਿੰਘ ਜੀ ਨੇ ਆਪਣੇ ਜੀਵਨ ਵਿੱਚ ਕੋਈ ਵੀ ਲਿਖਤ ਕਿਸੇ ਲਾਲਚ ਵਸ ਹੋ ਕੇ ਨਹੀਂ ਲਿਖੀ, ਅਤੇ ਨਾ ਹੀ ਉਨ੍ਹਾਂ ਕਦੇ ਕਿਸੇ ਤਰ੍ਹਾਂ ਦੀ ਲਿਖਤ ਨੂੰ ਛਾਪਣ ਲਈ ਪੈਸੇ ਦੀ ਮੰਗ ਕੀਤੀ। ਇਹ ਸਭ ਕੰਮ ਉਹ ਆਪਣੇ ਖਰਚੇ ਤੇ ਕਰਦੇ ਰਹੇ।

**ਜੀਵਨ :**

ਸ੍ਰ: ਦਲਜੀਤ ਸਿੰਘ ਜੀ ਦਾ ਜਨਮ ਫਰਵਰੀ 1905 ਨੂੰ ਪਿੰਡ ਲਤਾਨੇ ਮੰਡੀ ਅਹਿਮਦਗੜ੍ਹ ਜਿਲਾ ਲੁਧਿਆਣਾ ਵਿਚ ਹੋਇਆ। ਮਾਤਾ ਬੀਬੀ ਸੰਤ ਕੌਰ ਜੀ ਦੀ ਕੁੱਖੋਂ ਆਪ ਦੇ ਪਿਤਾ ਸ੍ਰ: ਬਿਸ਼ਨ ਸਿੰਘ ਜੀ ਵੈਂਟਰੀ ਡਾਕਟਰ ਸਨ। ਸ: ਦਲਜੀਤ ਸਿੰਘ ਜੀ ਤਿੰਨ ਭਰਾ ਸਨ। ਆਪ ਜੀ ਨੇ ਆਪਣੀ ਮੁੱਢਲੀ ਸਿਖਿਆ ਖਾਲਸਾ ਮਾਲਵਾ ਸਕੂਲ, ਲੁਧਿਆਣੇ ਅਤੇ ਅਗਲੀ ਵਿਦਿਆ ਦਿਆਲ ਸਿੰਘ ਕਾਲਜ ਲਾਹੌਰ ਤੋਂ ਹਾਸਲ ਕੀਤੀ। ਬੀ.ਏ. ਕਰਨ ਉਪਰੰਤ ਉਹ ਇੰਜੀਨੀਅਰਿੰਗ ਕਰਨ ਲਈ ਲੰਡਨ ਦੇ ਕਿੰਗਜ਼ ਕਾਲਜ ਵਿੱਚ ਗਏ। ਇਸ ਤਰ੍ਹਾਂ ਉਨ੍ਹਾਂ ਆਪਣੀ ਹਾਇਰ ਵਿਦਿਆ ਲੰਡਨ ਤੋਂ ਪੂਰੀ ਕੀਤੀ ਇਨ੍ਹਾਂ ਦੇ ਮਾਤਾ ਪਿਤਾ ਅਤੇ ਸਾਰਾ ਪਰਿਵਾਰ ਹੀ ਅੰਮ੍ਰਿਤ ਧਾਰੀ ਸੀ। ਸਾਰੇ ਹੀ ਕੀਰਤਨ ਕਰਦੇ ਸਨ। ਸਭ ਤੋਂ ਵਿਸ਼ੇਸ਼ ਗੱਲ ਹੈ ਕਿ ਮਾਤਾ ਸੰਤ ਕੌਰ ਸੰਗੀਤ ਅਤੇ ਗੁਰਬਾਣੀ ਕੀਰਤਨ ਵਿੱਚ ਚੰਗੀ ਮੁਹਾਰਤ ਰੱਖਦੇ ਸਨ। ਇਸ ਤਰ੍ਹਾਂ ਮਾਤਾ ਜੀ ਤੋਂ ਆਪ ਨੂੰ ਮੁੱਢਲੀ ਸੰਗੀਤ

* ਬੀ-31/14, ਗੁਰੂ ਅਰਜਨ ਦੇਵ ਨਗਰ, ਮੇਨ ਰੋਡ, ਲੁਧਿਆਣਾ

ਵਿਦਿਆ ਅਤੇ ਗੁਰੂ ਬਾਣੀ ਨਾਲ ਲਗਨ ਪੈਦਾ ਹੋਈ ਜੋ ਉਨ੍ਹਾਂ ਦੇ ਵਿਦਿਅਕ ਜੀਵਨ ਦੇ ਨਾਲ ਨਾਲ ਚਲਦੀ ਰਹੀ। ਉਨ੍ਹਾਂ ਆਪਣੇ ਜੀਵਨ ਵਿੱਚ ਸੰਗੀਤ ਅਤੇ ਪਿਆਨੋ ਵੀ ਸਿੱਖਿਆ। ਭਾਵੇਂ ਉਹ ਖ਼ੁਦ ਵਧੇਰੇ ਗਾਇਨ ਖੇਤਰ ਵਿੱਚ ਨਹੀਂ ਉਤਰੇ, ਪਰ ਉਨ੍ਹਾਂ ਸੰਗੀਤ ਅਤੇ ਗੁਰਮਤਿ ਦੀ ਖੋਜ ਕੀਤੀ ਅਤੇ ਕਈ ਲਿਖਤਾਂ ਲਿਖ ਕੇ ਸਿੱਖ ਸਮਾਜ ਨੂੰ ਭੇਟ ਕੀਤੀਆਂ। ਲੰਡਨ ਜਾ ਕੇ ਵੀ ਉਹ ਚੁੱਪ ਨਹੀਂ ਕੀਤੇ ਉਨ੍ਹਾਂ ਉੱਥੇ ਪੱਛਮੀ ਸੰਗੀਤ ਦੀ ਵਿਦਿਆ ਹਾਸਲ ਕੀਤੀ। ਬਕਾਇਦਾ ਪੱਛਮੀ (ਨੋਟੇਸ਼ਨ ਸਿਸਟਮ) ਦਾ ਗਹਿਰਾ ਅਧਿਐਨ ਕੀਤਾ ਜੋ ਉਨ੍ਹਾਂ ਦੀਆਂ ਲਿਖਤਾਂ ਵਿਚੋਂ ਸਹਿਜ ਹੀ ਛਲਕਦਾ ਹੈ। ਕਈ ਗੁਰਬਾਣੀ ਸ਼ਬਦਾਂ ਨੂੰ ਉਨ੍ਹਾਂ ਪੱਛਮੀ ਲਿਪੀ ਪ੍ਰਣਾਲੀ ਵਿੱਚ ਬੰਨ ਕੇ ਆਪਣੀਆਂ ਪੁਸਤਕਾਂ ਵਿਚ ਪੇਸ਼ ਕੀਤਾ। ਵਿਦਿਆ ਪ੍ਰਾਪਤੀ ਤੋਂ ਬਾਦ ਸਰਦਾਰ ਸਾਹਿਬ ਵਾਪਿਸ ਆਪਣੇ ਪਿੰਡ ਆ ਗਏ । ਪਰ ਸਿੱਖਾਂ ਦੇ ਪਵਿੱਤਰ ਵਿਰਸੇ ਬਾਣੀ ਅਤੇ ਸੰਗੀਤ ਨੂੰ ਪੱਛਮੀ ਦੇਸ਼ਾਂ ਵਿੱਚ ਰਹਿੰਦੇ ਸਿੱਖਾਂ ਤਕ ਵੀ ਉਨ੍ਹਾਂ ਦੀ ਭਾਸ਼ਾ ਰਾਹੀਂ ਪਹੁੰਚਾਇਆ ਜਾਏ ਅਜਿਹੇ ਅਰਮਾਨਾਂ ਨੂੰ ਮਨ ਵਿੱਚ ਲੈ ਕੇ ਉਹ ਭਾਰਤ ਪਰਤੇ ਸਨ। ਅਗਸਤ 1936 ਵਿੱਚ ਭਾਰਤੀ ਫੌਜ ਵਿੱਚ ਉਨ੍ਹਾਂ ਨੂੰ ਨੌਕਰੀ ਪ੍ਰਾਪਤ ਹੋਈ ਸੀ (ਐਮ.ਈ.ਐਸ) ਦੀ। 13 ਅਪ੍ਰੈਲ 1936 ਨੂੰ ਵਿਸਾਖੀ ਵਾਲੇ ਦਿਨ ਉਨ੍ਹਾਂ ਦੀ ਸ਼ਾਦੀ ਬੀਬੀ ਸੁਰਿੰਦਰ ਕੌਰ ਜੀ ਨਾਲ ਹੋਈ। ਸ਼ਾਦੀ ਤੋਂ ਬਾਦ ਸੰਗੀਤਕ ਕਾਰਜਾਂ ਵਿੱਚ ਉਨ੍ਹਾਂ ਦੀ ਰੁਚੀ ਹੋਰ ਵੀ ਵਧੇਰੇ ਹੋ ਗਈ। ਕਿਉਂਕਿ ਬੀਬੀ ਸੁਰਿੰਦਰ ਕੌਰ ਜੀ ਨੇ ਵੀ ਉਨ੍ਹਾਂ ਦੇ ਗੁਰਮਤਿ ਖੋਜ ਕਾਰਜਾਂ ਵਿੱਚ ਪੂਰਾ ਯੋਗਦਾਨ ਦੇਣਾ ਸ਼ੁਰੂ ਕਰ ਦਿੱਤਾ। ਵਧੇਰੇ ਘਰੇਲੂ ਜ਼ਿੰਮੇਵਾਰੀਆਂ ਨੂੰ ਆਪਣੇ ਸਿਰ ਲੈ ਕੇ ਬੀਬੀ ਜੀ ਨੇ ਸਰਦਾਰ ਸਾਹਿਬ ਨੂੰ ਚਿੰਤਾ ਮੁਕਤ ਕੀਤੀ ਰੱਖਿਆ। ਸ੍ਰ: ਦਲਜੀਤ ਸਿੰਘ ਜੀ ਨੇ ਲਗਭਗ ਸਾਰੀਆਂ ਪੁਸਤਕਾਂ ਸ਼ਾਦੀ ਤੋਂ ਬਾਦ ਹੀ ਲਿਖੀਆਂ।

ਜੀਵਨ ਵਿੱਚ ਭਾਰਤ ਦੇ ਉੱਘੇ ਸੰਗੀਤ ਉਸਤਾਦਾਂ ਅਤੇ ਰਾਗੀਆਂ ਨਾਲ ਸਰਦਾਰ ਸਾਹਿਬ ਦਾ ਗੂੜਾ ਮਿਲਾਪ ਸੀ। ਇਨ੍ਹਾਂ ਉਸਤਾਦਾਂ ਦਾ ਉਨ੍ਹਾਂ ਦੇ ਘਰ ਅਕਸਰ ਆਉਣ; ਜਾਣਾ ਵੀ ਲਗਿਆ ਰਹਿੰਦਾ ਸੀ। ਇਸ ਤੋਂ ਵੀ ਸਰਦਾਰ ਸਾਹਿਬ ਨੂੰ ਆਪਣੇ ਜੀਵਨ ਵਿੱਚ ਸੰਗੀਤਕ ਪ੍ਰੇਰਣਾਂ ਪ੍ਰਾਪਤ ਹੁੰਦੀ ਰਹੀ। ਉਨ੍ਹਾਂ ਦੇ ਘਰ, ਵਿਨਾਇਕ-ਰਾਵ-ਪਟਵਰਧਨ, ਹੀਰਾ ਬਾਈ ਬੜੋਦਕਰ ਗੰਗੂ-ਬਾਈ ਹੰਗਲ, ਡਾ. ਸਮੁਤੀ ਮੁਟਾਟਕਰ, ਕ੍ਰਿਸ਼ਨਾ ਚੈਤਨ ਯਾਦੇਵ, ਡਾ. ਗੋਬਿੰਦ ਸਿੰਘ ਮਨਸੁਖਾਨੀ ਅਤੇ ਡਾ. ਅਜੀਤ ਸਿੰਘ ਪੇਂਟਲ, ਆਦਿ ਅਕਸਰ ਆਉਂਦੇ ਸਨ। ਸਰਦਾਰ ਦਲਜੀਤ ਸਿੰਘ ਦੇ ਤਿੰਨ ਬੇਟੀਆਂ ਅਤੇ ਇਕ ਬੇਟਾ ਸੀ। ਉਨ੍ਹਾਂ ਦੇ ਚਾਰੇ ਬੱਚੇ ਇਕ ਵਾਰ ਪੂਰੀ ਤਰ੍ਹਾਂ ਸੰਗੀਤ ਖੇਤਰ ਵਿੱਚ ਉਤਰੇ ।ਗੁਣੀ ਉਸਤਾਦਾਂ ਤੋਂ ਉਨ੍ਹਾਂ ਸੰਗੀਤ ਵਿਦਿਆ ਹਾਸਲ ਕੀਤੀ। ਅੱਜ ਭਾਂਵੇਂ ਗ੍ਰਿਹਸਥੀ ਜੀਵਨ ਦੇ ਰੁਝੇਵਿਆਂ ਕਾਰਣ ਜਾਂ ਵਕਤ ਦੀਆਂ ਲਪੇਟਾਂ ਵਿੱਚ ਆਕੇ ਉਹ ਸੰਗੀਤ ਵਲ ਵਧੇਰੇ ਝੁਕਾਉ ਨਹੀਂ ਰਖ ਸਕੇ, ਪਰ ਪਹਿਲੇ ਚੋਹਾਂ ਬੱਚਿਆਂ ਨੇ ਸੰਗੀਤ ਵਿਦਿਆ ਨੂੰ ਦਿਲ ਮਨ ਨਾਲ ਹਾਸਲ ਕੀਤਾ। ਵੱਡੀ ਬੇਟੀ ਪ੍ਰਕਾਸ਼ ਕੌਰ ਨੇ ਪੁਸਤਕਾਂ ਪ੍ਰਕਾਸ਼ਿਤ ਕਰਨ ਵਿਚ ਵੀ ਪਿਤਾ ਦੀ ਪੂਰੀ ਸਹਾਇਤਾ ਕੀਤੀ।

ਸ: ਦਲਜੀਤ ਸਿੰਘ ਜੀ 1936 ਤੋਂ ਲੈ ਕੇ 1968 ਤਕ ਆਗਰੇ ਅਤੇ ਦਿੱਲੀ ਰਹੇ। ਸੰਨ 1968 ਤੋਂ ਬਾਦ ਉਹ (ਬਿਸ਼ਨ ਨਿਵਾਸ ਕਾਲਜ ਰੋਡ ਸਿਵਲ ਲਾਈਨ ਲੁਧਿਆਣਾ) ਵਿਚ ਆ ਬਿਰਾਜੇ। ਅਤੇ ਜੀਵਨ ਦੇ ਅੰਤਿਮ ਵਰ੍ਹਿਆਂ ਤਕ ਉਹ ਉਥੇ ਹੀ ਰਹੇ। ਸੰਨ 1965 ਦੀ ਲੜਾਈ ਵਿੱਚ ਉਨ੍ਹਾਂ ਦੇ ਇਕਲੌਤੇ ਬੇਟੇ ਰਵਿੰਦਰ ਸਿੰਘ ਦੀ ਮੌਤ ਹੋ ਗਈ। ਉਹ ਕੈਪਟਨ ਸੀ। ਬੇਟੇ ਦੀ ਮੌਤ ਦੇ ਸਦਮੇ ਨੇ ਉਨ੍ਹਾਂ ਨੂੰ ਨਾਮ ਬਾਣੀ ਦੇ ਕਾਰਜਾਂ ਨਾਲ ਹੋਰ ਵੀ ਵਧੇਰੇ ਜੋੜ ਦਿੱਤਾ। ਖੋਜ ਪੁਸਤਕਾਂ ਲਈ ਉਨ੍ਹਾਂ ਕਈ ਲਾਇਬਰੇਰੀਆਂ ਵਿਚੋਂ ਅਧਿਐਨ ਕੀਤਾ। ਬ੍ਰਿਟਿਸ਼ ਲਾਇਬਰੇਰੀ ਆਗਰਾ, ਅਮ੍ਰਿਕਨ ਲਾਇਬਰੇਰੀ ਕਨਾਟ ਪਲੇਸ ਦਿੱਲੀ, ਮਿਉਨਸਿਪਲ ਲਾਇਬਰੇਰੀ, ਐਕਸਟੈਸ਼ਨ ਲਾਇਬ੍ਰੇਰੀ ਲੁਧਿਆਣਾ ਅਤੇ ਪੰਜਾਬ ਐਗਰੀਕਲਚਰ ਯੂਨਿਵਰਸਿਟੀ ਲੁਧਿਆਣਾ ਦੀ ਲਾਇਬ੍ਰੇਰੀ ਆਦਿ। ਜੀਵਨ ਦੇ ਅਖੀਰਲੇ ਵਰ੍ਹਿਆਂ ਵਿੱਚ ਉਹ ਭਾਰਤ ਦੇ ਉੱਘੇ ਰਾਗੀਆਂ ਦੀਆਂ ਜੀਵਨੀਆਂ ਅਤੇ ਤਸਵੀਰਾਂ ਇਕੱਤਰ ਕਰਨ ਵਿੱਚ ਲਗੇ ਹੋਏ ਸਨ। ਸ਼ਾਇਦ ਇਨ੍ਹਾਂ ਜੀਵਨੀਆਂ ਨੂੰ ਵੀ ਉਹ ਕਿਤਾਬ ਵਜੋਂ ਛਪਵਾਨਾ ਚਾਹੁੰਦੇ ਸਨ। ਉਨ੍ਹਾਂ ਨੂੰ ਨਾਮ ਬਾਣੀ ਨਾਲ ਬਹੁਤ ਲਗਾਵ ਸੀ । ਹਰ ਰੋਜ਼ ਸਵੇਰੇ ਉਠ ਕੇ ਆਸਾ ਦੀ ਵਾਰ ਦਾ ਕੀਰਤਨ ਕਰਨਾ ਅਤੇ ਨਿਤਨੇਮ ਕਰਨਾ ਉਨ੍ਹਾਂ ਦੀ ਆਦਤ ਸੀ। ਇਸ ਤਰ੍ਹਾਂ ਗੁਰਸਿੱਖੀ ਜੀਵਨ ਬਸਰ ਕਰਦੇ ਹੋਏ 16 ਜੂਨ 1996 ਨੂੰ ਉਹ ਵਾਹਿਗੁਰੂ ਦੇ ਚਰਨਾਂ ਵਿਚ ਜਾ ਬਿਰਾਜੇ।

ਸੰਤ ਬਾਬਾ ਸੁੱਚਾ ਸਿੰਘ ਵਲੋਂ, ਜਵੱਦੀ ਲੁਧਿਆਣਾ ਵਿੱਚ ਗੁਰਮਤਿ ਸੰਗੀਤ ਉਪਰ ਕਰਵਾਏ ਗਏ ਦੂਸਰੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਵਿੱਚ ਸ. ਦਲਜੀਤ ਸਿੰਘ ਜੀ ਦੀਆਂ ਲਿਖਤਾਂ ਨੂੰ ਇੱਕ ਯਾਦਗਾਰੀ, ਮੋਮੈਂਟੋ ਅਤੇ ਇਕ ਸ਼ਾਲ ਦੇਕੇ ਸਨਮਾਨਿਤ ਕੀਤਾ ਅਤੇ ਉਨ੍ਹਾਂ ਦੀਆਂ ਲਿਖਤਾਂ ਨੂੰ ਪ੍ਰਦਰਸ਼ਨ ਵਿੱਚ ਰੱਖਿਆ। ਇਹ ਸਨਮਾਨ ਉਨ੍ਹਾਂ ਦੀ ਸਪੁਤਨੀ ਬੀਬੀ ਸੁਰਿੰਦਰ ਕੌਰ ਜੀ ਨੇ ਹਾਸਲ ਕੀਤਾ।

ਅਜ ਕਲ ਉਨ੍ਹਾਂ ਦੀ ਸੁਪਤਨੀ ਉਨ੍ਹਾਂ ਦੀਆਂ ਲਿਖਤਾਂ ਨੂੰ ਯੋਗ ਅਸਥਾਨਾਂ ਤੇ ਪਹੁੰਚਾ ਕੇ, ਉਨ੍ਹਾਂ ਦੀ ਕੀਰਤੀ ਨੂੰ ਚਾਰ ਚੰਨ ਲਗਾ ਰਹੇ ਹਨ। ਜਦ ਮੈਨੂੰ ਉਨ੍ਹਾਂ ਦੇ ਘਰ ਜਣ ਦਾ ਸੁਭਾਗ ਪ੍ਰਾਪਤ ਹੋਇਆ ਤਾਂ ਮੈਨੂੰ ਇਨ੍ਹਾਂ ਦੇ ਕਾਰਜਾਂ ਨੇ ਬਹੁਤ ਪ੍ਰਭਾਵਿਤ ਕੀਤਾ। ਉਨ੍ਹਾਂ ਦੀਆਂ ਪੁਸਤਕਾਂ ਪੜ੍ਹ ਕੇ ਮੈਂ ਚਾਹਿਆ ਕਿ ਕਿਉਂ ਨਾ ਮੈਂ ਉਨ੍ਹਾਂ ਦੀ ਜੀਵਨੀ ਨੂੰ ਆਪਣੀ ਕਲਮ ਨਾਲ ਲਿਖਾਂ। ■

# ਅੰਤਰਰਾਸ਼ਟਰੀ ਸਿੰਧੀ ਗੁਰਬਾਣੀ ਕੀਰਤਨ ਯਾਤਰਾ

ਰਾਜ ਸੇਠੀ *

## *ਸੈਨਫ੍ਰਾਂਸਿਸਕੋ ਅਤੇ ਦੱਖਣੀ ਅਮਰੀਕਾ ਦੇ ਵੱਖ ਵੱਖ ਸ਼ਹਿਰਾਂ ਵਿੱਚ ਕੀਰਤਨ ਰਾਹੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ ਦੀ ਗੂੰਜ*

ਅੱਜ ਤੋਂ ਲਗਭਗ 529 ਸਾਲ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪ੍ਰਭੂ ਭਗਤੀ ਅਤੇ ਦੀਨ ਦੁਖੀਆਂ ਦੀ ਸੇਵਾ ਸੰਭਾਲ ਦਾ ਸੰਦੇਸ਼ ਦਿੱਤਾ ਸੀ। ਇਸ ਮਹਾਨ ਮਾਰਗ ਤੇ ਚਲ ਕੇ ਪ੍ਰਾਣੀ ਜਿੱਥੇ ਪ੍ਰਮਾਤਮਾ ਦੇ ਗੁਣਗਾਣ ਕਰਦਾ ਹੈ ਉੱਥੇ ਦੁਨੀਆਂ ਦੇ ਝਮੇਲੇ ਤੋਂ ਕੁਝ ਸੁਰਖ਼ਰੂ ਹੋਇਆ ਵੀ ਮਹਿਸੂਸ ਕਰਦਾ ਹੈ। ਇਸ ਸ਼ੁਭ ਭਾਵ ਨੂੰ ਲੈ ਕੇ ਦਾਦਾ ਲਕਸ਼ਮਣ ਚੇਲਾ ਰਾਮ ਜੀ ਪਿਛਲੇ ਸਾਲ 16 ਜੂਨ 1998 ਨੂੰ ਦਿੱਲੀ ਤੋਂ ਅਮਰੀਕਾ, ਕੈਨੇਡਾ ਅਤੇ ਹਾਂਗਕਾਂਗ ਲਈ ਕੀਰਤਨ ਯ੍ਰਾਤਾ ਤੇ ਨਿਕਲੇ। "ਆਪ ਜਪਹੁ ਅਵਰਹਿ ਨਾਮ ਜਪਾਵਹੁ" ਦੇ ਸੰਦੇਸ਼ ਨੂੰ ਪ੍ਰਚਾਰ ਕੇ ਆਪ ਨੇ ਵਿਦੇਸ਼ਾਂ ਵਿਚਲੀ ਕੀਰਤਨ ਯ੍ਰਾਤਾ ਦੀ ਸਫਲਤਾ ਦੇ ਤਿੰਨ ਮੁੱਖ ਕਾਰਨ ਦੱਸੇ। ਜਿਹਨਾਂ ਵਿਚੋਂ ਪਹਿਲਾ ਇਹ ਹੈ ਕਿ ਪੈਸੇ ਲਈ ਕਿਤੇ ਵੀ ਅਪੀਲ ਨਾ ਕਰਨੀ, ਦੂਜਾ ਇਹ ਹੈ ਕਿ ਕਿਸੇ ਸੈਂਟਰ ਆਦਿ ਵੀ ਸਥਾਪਨਾ ਦੀ ਗੱਲ ਨਹੀਂ ਕਰਨੀ ਅਤੇ ਤੀਜਾ ਆਪਣੇ ਸ਼ਰਧਾਲੂਆਂ ਦੀ ਕਿਸੇ ਮੰਡਲੀ ਦਾ ਕੋਈ ਗਠਨ ਵਗੈਰਾ ਨਾ ਕਰਨਾ ਅਸਲ ਵਿੱਚ ਇਹੀ ਨਿਸ਼ਕਾਮ ਸੇਵਾ ਹੈ। ਇਹੋ ਕਾਰਣ ਹੈ ਕਿ ਦਾਦਾ ਲਕਸ਼ਮਣ ਚੇਲਾ ਰਾਮ ਜੀ ਪਿਛਲੇ 38 ਸਾਲਾਂ ਤੋਂ ਲਗਾਤਾਰ ਅਜਿਹੀ ਸੇਵਾ ਨਿਭਾ ਰਹੇ ਹਨ।

ਉਹਨਾਂ ਨੇ 16 ਜੂਨ ਨੂੰ ਲਾਸ ਏਂਜਲਸ (ਅਮਰੀਕਾ) ਵਿਖੇ ਜਦੋਂ ਹਿੰਦੂ ਮੰਦਿਰ ਵੈਲੀ ਵਿੱਚ ਕੀਰਤਨ ਸ਼ੁਰੂ ਕੀਤਾ ਤਾਂ ਸਿੰਧੀ ਲੋਕਾਂ ਸਮੇਤ ਸੈਂਕੜੇ ਲੋਕਾਂ ਨੇ ਆਪ ਦੇ ਕੀਰਤਨ ਦਾ ਆਨੰਦ ਮਾਣਿਆਂ। ਮੰਦਿਰ ਦੀ ਕਮੇਟੀ ਨੇ ਭਾਰਤ ਤੋਂ ਆਈ ਇਸ ਸੰਗੀਤ ਮੰਡਲੀ ਦਾ ਹਾਰਦਿਕ ਸਵਾਗਤ ਕੀਤਾ ਅਤੇ ਉਹਨਾਂ ਦੀ ਸੰਗੀਤ ਕਲਾ ਦੀ ਭਰਪੂਰ ਪ੍ਰਸ਼ੰਸਾ ਕੀਤੀ। ਅੰਮ੍ਰਿਤ ਵੇਲੇ ਦੇ ਸਮਾਗਮਾਂ ਵਿੱਚ ਆਸਾ ਦੀ ਵਾਰ ਨੇ ਸੰਗਤਾਂ ਵਿੰਚ ਨਵੀਂ ਜਾਗ੍ਰਤੀ ਲਿਆਂਦੀ। ਉਸ ਦਿਨ ਤੋਂ ਹੁਣ ਤੱਕ ਨਿਤਾਪ੍ਰਤੀ 200-250 ਦੇ ਕਰੀਬ ਸੰਗਤ ਆਸਾ ਦੀ ਵਾਰ ਦਾ ਕੀਰਤਨ ਸੁਣਨ ਜੁੜ ਰਹੀ ਹੈ।

ਇਕ ਹੋਰ ਕੀਰਤਨ ਦਰਬਾਰ ਵਿੱਚ ਦਾਦਾ ਲਕਸ਼ਮਣ ਚੇਲਾ ਰਾਮ ਜੀ ਨੇ ਦੱਸਿਆ ਕਿ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਸਾਰੇ ਸੰਸਾਰ ਦੇ ਕਲਿਆਨ ਲਈ ਹੈ ਨਾ ਕਿ ਇਕ ਵਿਸ਼ੇਸ਼ ਸੰਪਰਦਾ ਲਈ। ਉਹਨਾਂ ਉੱਥੇ ਇਹ ਵੀ ਕਿਹਾ ਕਿ ਗੁਰੂਆਂ, ਪੀਰਾਂ, ਭਗਤਾਂ, ਦਰਵੇਸ਼ਾਂ ਵਿੱਚ ਪ੍ਰਚਾਰ ਨਾ ਕਰਨਾ ਸਾਡੀ ਬਦਕਿਸਮਤੀ ਹੈ। ਗੁਰਬਾਣੀ ਦੇ ਅਮੁਲ ਗਿਆਨ, ਭਗਤੀ ਅਤੇ ਵੈਰਾਗ ਦੇ ਵਿਆਪਕ ਭੰਡਾਰ ਦੇ ਪ੍ਰਚਾਰ ਹਿਤ ਸਾਨੂੰ ਆਪਣੇ ਤੌਰ ਤੇ ਮਿਹਨਤ ਜ਼ਰੂਰ ਕਰਨੀ ਚਾਹੀਦੀ ਹੈ।

ਇਕ ਹੋਰ ਸਥਾਨ ਮੋਡੇਸਟੋ ਵਿਖੇ ਆ ਕੇ ਦਾਦਾ ਜੀ ਨੇ ਜਦੋਂ ਕੀਰਤਨ ਧੁਨ ਛੇੜੀ ਤਾਂ ਇਸ ਸਥਾਨ ਤੇ ਵੱਸੇ ਅਨੇਕਾਂ ਗੁਜਰਾਤੀ ਭੈਣ ਭਰਾਵਾਂ ਨੇ ਗੁਰਬਾਣੀ ਦੇ ਕੀਰਤਨ ਦਾ ਲਾਭ ਉਠਾਇਆ। ਇਸ ਸਮਾਗਮ ਦੌਰਾਨ ਉਹਨਾਂ ਦੱਸਿਆ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਮੂਲ ਭਾਸ਼ਾ ਗੁਰਮੁਖੀ ਹੈ। ਗੁਰਮੁਖੀ ਦੇ ਨਾਂ ਜਾਣਨ ਵਾਲੇ ਇਸ ਵਿਚਲੇ ਸਦਗੁਣਾਂ ਨੂੰ ਗ੍ਰਹਿਣ ਕਰਨ ਤੋਂ ਵੰਚਿਤ ਰਹਿ ਜਾਂਦੇ ਹਨ। ਉਹਨਾਂ ਸੰਗਤ ਨੂੰ ਸਲਾਹ ਦਿਤੀ ਕਿ ਸਾਨੂੰ ਮਿਲ ਕੇ ਅਜਿਹਾ ਉੱਦਮ ਕਰਨਾ ਚਾਹੀਦਾ ਹੈ ਕਿ ਗੁਰਬਾਣੀ ਦਾ ਤਰਜਮਾ ਅਤੇ ਟੀਚੇ ਵੱਖ ਵੱਖ ਭਾਸ਼ਾਵਾਂ ਜਿਵੇਂ ਹਿੰਦੀ, ਸਿੰਧੀ, ਗੁਜਰਾਤੀ, ਮਰਾਠੀ, ਆਸਾਮੀ, ਬੰਗਾਲੀ, ਤੇਲਗੂ, ਉਰਦੂ ਆਦਿ ਵਿੱਚ ਕਰਨਾ ਚਾਹੀਦਾ ਹਨ।

ਸੈਨਫਰਾਂਸਿਸਕੋ ਦੀ ਸਿੰਧੀ ਪੰਚਾਇਤ ਨੇ 'ਫਰੀਮਾਂਟ' ਦੇ ਇੱਕ ਮੰਦਰ ਵਿੱਚ ਦਾਦਾ ਜੀ ਤੋਂ ਗੁਰਬਾਣੀ ਦਾ ਕੀਰਤਨ ਕਰਵਾਇਆ ਅਤੇ ਉਹਨਾਂ ਨੇ ਮੰਦਰ ਵਿੱਚ ਗੁਰੂ ਗਰੰਥ ਸਾਹਿਬ ਦਾ ਪ੍ਰਕਾਸ਼ ਕਰਵਾ ਦਿੱਤਾ। ਇਹ ਕਾਰਜ ਜਨ ਸਮੂਹ ਦੇ ਕਲਿਆਣ ਅਤੇ ਹਿਰਦਿਆਂ ਦੀ ਵਿਸ਼ਾਲਤਾ ਦਾ ਪ੍ਰਤੀਕ ਹੈ। ਇਸ ਸਮੇਂ ਦਾਦਾ ਜੀ ਨੇ ਦੱਸਿਆ ਕਿ ਗੁਰੂ ਗਰੰਥ ਸਾਹਿਬ ਵਿਚਲੀ ਅਧਿਆਤਮਕ ਬਾਣੀ ਨੂੰ ਸੀਮਤ ਦ੍ਰਿਸ਼ਟੀ ਨਾਲ ਨਹੀਂ ਦੇਖਣਾ ਚਾਹੀਦਾ। ਸਾਨੂੰ ਲਾਜਮੀ ਤੌਰ ਤੇ ਚਾਹੀਦਾ ਹੈ ਕਿ ਗੁਰਬਾਣੀ ਨੂੰ ਅੰਗਰੇਜ਼ੀ ਵਿੱਚ ਅਨੁਵਾਦ ਕਰਕੇ ਇਧਰਲੇ ਬੱਚਿਆਂ ਨੂੰ ਉਸ ਦਾ ਗਿਆਨ ਦਈਏ।

ਦਾਦਾ ਚੇਲਾਰਾਮ ਜੀ ਨੇ ਵਿਦੇਸ਼ਾਂ ਦੀ ਇਸ ਕੀਰਤਨ ਯ੍ਰਾਤਾ ਵਿੱਚ ਸੈਨਫ੍ਰਾਂਸਿਸਕੋ, ਹੇਵਰਡਸੇਨਹੋਜੇ, ਸੈਨ ਹੋਤੇ, ਈਸਟ ਕੋਸਟ, ਨਿਊ ਜਰਸੀ, ਨਿਊਯਾਰਕ, ਰੋਚੈਸਟਰ, ਬਫਲੋ, ਕਲੀਵਲੈਂਡ ਆਦਿ ਸ਼ਹਿਰਾਂ ਵਿੱਚ ਕੀਰਤਨ ਦੇ ਅਭਿਆਸ ਰਾਹੀਂ ਨਾਮ ਬਾਣੀ ਦਾ ਪ੍ਰਚਾਰ ਕੀਤਾ। ਉਹਨਾਂ ਦੀ ਇਸ ਯ੍ਰਾਤਾ ਦਾ ਉਦੇਸ਼ ਨਿਰੋਲ ਧਾਰਮਿਕ ਸੀ। ਯ੍ਰਾਤਾ ਦੀ ਸਮਾਪਤੀ ਮੌਕੇ ਦਾਦਾ ਚੇਲਾ ਰਾਮ ਜੀ ਨੇ ਦੱਸਿਆ ਕਿ ਗੁਰਬਾਣੀ ਦਾ ਸੂਤਰ ਵਿਸਤਰਿਤ ਮਨਨ ਹੈ। ਜੇਕਰ ਮਨੁੱਖ ਗੁਰਬਾਣੀ ਵਿਚਲੇ ਉਪਦੇਸ਼ਾਂ ਨੂੰ ਮਨ ਵਿੱਚ ਵਸਾ ਲੈਂਦਾ ਹੈ ਤਾਂ ਮਨੁੱਖੀ ਸਮਾਜ ਵਿੱਚ ਕਦੇ ਕੋਈ ਵਿਕਾਰ ਪੈਦਾ ਨਹੀਂ ਹੋਵੇਗਾ। ਕੋਈ ਘਿਰਣਾ, ਲੁਟਮਾਰ ਅਤੇ ਹੱਤਿਆ ਆਦਿ ਨਹੀਂ ਹੋਵੇਗੀ। ਚਾਰੇ ਪਾਸੇ ਸੁੱਖ ਸ਼ਾਂਤੀ ਦਾ ਸਾਮਰਾਜ ਸਥਾਪਤ ਹੋ ਜਾਵੇਗਾ। ■

*(ਲਿਪੀਅੰਤਰ - ਡਾ. ਗੁਰਮੀਤ ਸਿੰਘ ਬੈਦਵਾਣ)*

* ਨਿਰਗੁਣ ਕਾਟੇਜ, 11/26, ਈਸਟ ਪਟੇਲ ਨਗਰ, ਨਵੀਂ ਦਿੱਲੀ - 110 008

## ਹੋਲਾ - ਮਹੱਲਾ

### ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ

ਹੋਲਾ ਹੋਲੀ ਤੋਂ ਅਗਲਾ ਦਿਵਸ ਹੈ, ਜਿਸ ਨੂੰ ਸਿੱਖ ਇਕ ਵਿਸ਼ੇਸ਼ ਤਿਉਹਾਰ ਦੇ ਰੂਪ ਵਿਚ ਮਨਾਉਂਦੇ ਹਨ। ਇਸ ਪੁਰਬ ਦਾ ਮੁੱਢ ਗੁਰੂ ਗੋਬਿੰਦ ਸਿੰਘ ਨੇ, ਅਨੰਦਪੁਰ ਸਾਹਿਬ ਦੇ ਕਿਲ੍ਹੇ ਵਿੱਚ ਚੇਤ ਵਦੀ ਏਕਮ ਸੰਮਤ 1757 ਨੂੰ ਬੰਨ੍ਹਿਆ। ਉਸ ਤੋਂ ਬਾਅਦ ਹਰ ਸਾਲ ਇਸ ਦਿਵਸ ਨੂੰ ਅਨੰਦਪੁਰ ਸਾਹਿਬ ਵਿਚ ਸਭਿਆਚਾਰਕ ਅਤੇ ਸੈਨਿਕ ਸਮਾਰੋਹ ਹੁੰਦੇ ਹਨ, ਜਿਨ੍ਹਾਂ ਵਿਚ ਕਾਵਿ ਤੇ ਸੰਗੀਤ ਤੋਂ ਇਲਾਵਾ ਸ਼ਸਤ੍ਰ-ਵਿੱਦਿਆ ਵਿਚ ਮਾਹਿਰ ਯੁਵਕ ਆਪਣੇ ਕਰਤਬ ਵਿਖਾਂਦੇ ਰਹੇ। ਪੁਰਾਣੀ ਪਰੰਪਰਾ ਭਾਵੇਂ ਤਿਆਗ ਦਿੱਤੀ ਗਈ ਹੈ, ਪਰ ਹੁਣ ਵੀ ਹੋਲੇ ਮਹੱਲੇ ਦਾ ਜਲੂਸ ਪਰੰਪਰਾਗਤ ਗੌਰਵ ਨਾਲ ਹੀ ਨਿਕਲਦਾ ਹੈ।

ਗੁਰੂ ਗੋਬਿੰਦ ਸਿੰਘ ਖਾਲਸੇ ਨੂੰ ਫੌਜੀ ਸਿਖਸ਼ਾ, ਸ਼ਸਤ੍ਰ ਦੀ ਵਰਤੋਂ ਤੇ ਸੈਨਿਕ ਯੋਗਤਾ ਵਿਚ ਤਾਕ ਕਰਨ ਲਈ, ਇਸ ਤਿਥ ਨੂੰ ਯੋਧਿਆਂ ਵਿਚ ਮੁਕਾਬਲੇ ਅਤੇ ਮਸਨੂਈ ਯੁਧ ਕਰਵਾਇਆ ਕਰਦੇ ਸਨ। ਖ਼ਾਲਸੇ ਨੂੰ ਦੋ ਦਲਾਂ ਵਿਚ ਵੰਡ ਦਿਤਾ ਜਾਂਦਾ ਅਤੇ ਇਕ ਦਲ ਕਿਸੇ ਵਿਸ਼ੇਸ਼ ਪਹਾੜੀ ਟਿਲੇ ਉਪਰ ਕਾਬਜ਼ ਹੋ ਜਾਂਦਾ। ਫਿਰ ਦੂਜਾ ਦਲ ਉਸ ਉੱਪਰ ਹੱਲਾ ਕਰ ਕੇ, ਉਸ ਤੋਂ ਉਹ ਪਹਾੜੀ ਖੋਹਣ ਦਾ ਯਤਨ ਕਰਦਾ। ਇਸ ਤਰ੍ਹਾਂ ਪੈਂਤਰਾਬਾਜ਼ੀ ਤੇ ਯੁਧ-ਜੁਕਤੀ ਦਾ ਅਭਿਆਸ ਕੀਤਾ ਜਾਂਦਾ। ਜੋ ਯੁੱਧ ਸ਼ਸਤ੍ਰ ਪ੍ਰਯੋਗ ਤੇ ਪੈਂਤਰੇਬਾਜ਼ੀ ਵਿਚ ਸਭ ਤੋਂ ਵਧ ਮਾਹਿਰ ਹੁੰਦੇ ਉਨ੍ਹਾਂ ਨੂੰ ਸਰੋਪੇ ਦਿੱਤੇ ਜਾਂਦੇ ਇਸ ਤੋਂ ਬਾਅਦ ਹੋਲੇ ਮਹੱਲੇ ਦਾ ਜਲੂਸ ਕੱਢਿਆ ਜਾਂਦਾ, ਇਸ ਵਿਚ ਨਿਹੰਗ ਸਿੰਘ ਤੇ ਸ਼ਸਤਰਧਾਰੀ ਆਪੋ ਆਪਣੇ ਕਰਤਬ ਵਿਖਾਂਦੇ।

ਮਹੱਲਾ ਅਰਬੀ ਦੇ ਸ਼ਬਦ 'ਮਹੱਲੇ' ਦਾ ਤਦਭਵ ਹੈ, ਜਿਸ ਦਾ ਭਾਵ ਉਸ ਸਥਾਨ ਤੋਂ ਹੈ ਜਿਥੇ 'ਫ਼ਤਹ' ਕਰਨ ਤੋਂ ਬਾਅਦ ਟਿਕਾਣਾ ਕੀਤਾ ਜਾਵੇ। ਪਹਿਲਾਂ ਇਹ ਸ਼ਬਦ ਇਸੇ ਭਾਵ ਵਿੱਚ ਵਰਤਿਆ ਜਾਂਦਾ ਰਿਹਾ ਹੈ। ਜਦੋਂ ਮਿਥੇ ਹੋਏ ਅਸਥਾਨ ਉਪਰ ਕੋਈ ਦਲ ਕਾਬਜ਼ ਹੋ ਜਾਂਦਾ, ਤਾਂ ਉੱਥੇ ਕੋਈ ਦਰਬਾਰ ਲੱਗਦਾ ਤੇ ਸ਼ਸਤ੍ਰਧਾਰੀ ਤੇ ਗ਼ਜ਼ਨੀ ਦੇ ਕਮਾਲ ਵਿਖਾਂਦੇ। ਪਰ ਹੌਲੇ ਹੌਲੇ ਇਹ ਸ਼ਬਦ ਉਸ ਜਲੂਸ ਲਈ ਪ੍ਰਚਲਤ ਹੋ ਗਿਆ, ਜੋ ਫ਼ੌਜੀ ਸਜਧਜ ਤੇ ਨਗਾਰਿਆਂ ਦੀ ਚੋਟ ਨਾਲ ਅਨੰਦਪੁਰ ਸਾਹਿਬ ਵਿਚ ਇਕ ਗੁਰਧਾਮ ਤੋਂ ਦੂਜੇ ਗੁਰਧਾਮਾਂ ਦੀ ਯਾਤਾ ਲਈ ਨਿਕਲਦਾ ਸੀ। ਹੋਲੇ ਮਹੱਲੇ ਦੇ ਜਲੂਸ ਦੀ ਇਹ ਪ੍ਰਥਾ ਹੁਣ ਤਕ ਜਾਰੀ ਹੈ।

ਹਜ਼ੂਰ ਸਾਹਿਬ (ਨੰਦੇੜ) ਵਿਚ ਹੋਲੇ ਮਹੱਲੇ ਦਾ ਜਲੂਸ ਵਿਲੱਖਣ ਢੰਗ ਨਾਲ ਸ਼ਿੰਗਾਰਿਆ ਹੋਇਆ ਨੀਲਾ ਘੋੜਾ ਠੁਮਕਦਾ ਹੋਇਆ ਚਲਦਾ ਹੈ ਅਤੇ ਪਿਛੇ ਪਿਛੇ ਸੰਗਤਾਂ। ਰਵਾਇਤ ਹੈ ਕਿ ਇਹ ਨੀਲਾ ਘੋੜਾ ਗੁਰੂ ਗੋਬਿੰਦ ਸਿੰਘ ਜੀ ਦੇ ਨੀਲੇ ਘੋੜੇ ਦੀ ਵੰਸ਼ ਵਿਚੋਂ ਹੀ ਹੈ। ਫਿਰ ਕੁਝ ਸੂਰਮੇ ਹਵਾ ਵਿਚ ਫਾਇਰ ਕਰਦੇ ਹਨ, ਜਿਵੇਂ ਕਿਸੇ ਦੁਸ਼ਮਣ ਉਪਰ ਧਾਵਾ ਬੋਲਿਆ ਗਿਆ ਹੋਵੇ। ਘੋੜਾ ਬੜੀ ਤੇਜ਼ੀ ਨਾਲ ਦੌੜਦਾ ਹੈ ਤੇ ਉਸ ਦੇ ਪਿਛੇ ਪਿੱਛੇ ਸੰਗਤਾਂ ਨਠਦੀਆਂ ਹਨ ਅਤੇ ਇਸੇ ਨੂੰ ਮਹੱਲਾ ਕਿਹਾ ਜਾਂਦਾ ਹੈ। ਹੋਲੇ ਮਹੱਲੇ ਦਾ ਜਲੂਸ ਅਨੰਦਪੁਰ ਅਤੇ ਹਜ਼ੂਰ ਸਾਹਿਬ ਤੋਂ ਬਾਹਰ ਹੋਰ ਕਿਧਰੇ ਨਹੀਂ ਨਿਕਲਦਾ।

ਹੋਲੇ ਦਾ ਮੇਲਾ ਪਾਉਂਟਾ ਸਾਹਿਬ ਵਿਚ ਵੀ ਗੁਰਦਵਾਰੇ ਦੇ ਸਾਹਮਣੇ ਦੇ ਅਹਾਤੇ ਵਿੱਚ ਲੱਗਦਾ ਹੈ, ਜਿਸ ਵਿਚ ਹਜ਼ਾਰਾਂ ਦੀ ਸੰਖਿਆ ਵਿਚ ਲੋਕ ਸ਼ਾਮਲ ਹੁੰਦੇ ਹਨ। ਗੁਰੂ ਗੋਬਿੰਦ ਸਿੰਘ 1742 ਬਿਕ੍ਰਮੀ ਵਿਚ 52 ਕਵੀਆਂ ਸਮੇਤ ਇਥੇ ਸਾਢੇ ਚਾਰ ਸਾਲ ਰਹੇ ਸਨ। ਇਹ ਮੇਲਾ ਉਦੋਂ ਤੋਂ ਤੁਰਿਆ ਆ ਰਿਹਾ ਹੈ। ਗੁਰੂ ਗੋਬਿੰਦ ਸਿੰਘ ਦੇ ਜ਼ਮਾਨੇ ਵਿੱਚ ਪਾਉਂਟਾ ਸਾਹਿਬ ਵਿਚ ਹੋਲੇ ਮਹੱਲੇ ਵਾਲੇ ਦਿਨ ਸੂਰਮੇ ਆਪਣੇ ਕਰਤੱਬ ਵਿਖਾਂਦੇ ਅਤੇ ਕਵੀ ਕਵਿਤਾ ਸੁਣਾਂਦੇ ਸਨ। ■

*(ਪੰਜਾਬੀ ਲੋਕ ਧਾਰਾ ਵਿਸ਼ਵ ਕੋਸ਼ ਵਿਚੋਂ)*


**GURMAT PARSAR SEWA SOCIETY**

**Kothi No. 1444, Sector 34-C, Chandigarh Ph : 0172 - 667803**

**ਪੜ੍ਹੇ ਲਿਖੇ ਗੁਰਮਤਿ ਪ੍ਰਸਾਰਕਾਂ ਦੀ ਭਰਤੀ**

ਸਿੱਖੀ ਦੇ ਪ੍ਰਸਾਰ ਲਈ ਪੜ੍ਹੇ ਲਿਖੇ ਤੇ ਧਰਮ ਪ੍ਰਤੀ ਨਿਸ਼ਠਾ ਰਖਣ ਵਾਲੇ ਵਿਅਕਤੀਆਂ ਨੂੰ ਉਤਸ਼ਾਹਿਤ ਕਰਨ ਲਈ ਗੁਰਮਤਿ ਪ੍ਰਸਾਰਕਾਂ ਦਾ ਇਕ ਸਥਾਈ ਵਰਗ (Cadre) ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਨੇ ਸਥਾਪਿਤ ਕੀਤਾ ਹੈ। ਇਸ ਯੋਜਨਾਂ ਦਾ ਉਦੇਸ਼ ਗੁਰਮਤਿ ਪ੍ਰਚਾਰ ਵਿਚ ਰੁਝੇ ਸੇਵਾਦਾਰਾਂ ਨੂੰ ਸਮਾਜ ਵਿਚ ਸਤਿਕਾਰਿਤ ਅਸਥਾਨ ਦਿਵਾਉਣ, ਯੋਗ ਵੇਤਨ ਅਤੇ ਹੋਰ ਸਹੂਲਤਾਂ ਨੂੰ ਉਪਲਬਧ ਕਰਵਾਉਣਾ ਅਤੇ ਉਨ੍ਹਾਂ ਦੀ ਸੇਵਾਵਾਂ ਦੀ ਪ੍ਰਪਕਤਾ ਬਣਾਈ ਰੱਖਣਾ ਹੈ।

ਉਪਰੋਕਤ ਮੰਤਵ ਦੀ ਪੂਰਤੀ ਲਈ ਹੇਠ ਲਿਖੀਆਂ ਸ਼ਰਤਾਂ ਪੂਰਨ ਕਰਨ ਵਾਲੇ ਵਿਅਕਤੀਆਂ ਤੋਂ ਨੀਯਤ ਪ੍ਰੋਫਾਰਮਾਂ ਤੇ ਜੋ ਸੋਸਾਇਟੀ ਦੇ ਦਫਤਰ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ, ਅਰਜ਼ੀਆਂ ਆਮੰਤ੍ਰਿਤ ਕੀਤੀਆਂ ਜਾਂਦੀਆਂ ਹਨ। ਅਰਜ਼ੀਆਂ ਲੋੜੀਂਦੀ ਯੋਗਤਾਵਾਂ ਦੇ ਸਰਟੀਫਿਕੇਟਾਂ ਸਹਿਤ ਸੋਸਾਇਟੀ ਦੇ ਦਫਤਰ ਮਕਾਨ ਨੰ : 1444, ਸੈਕਟਰ 34-ਸੀ, ਚੰਡੀਗੜ੍ਹ ਵਿਖੇ 15-3-99 ਤਕ ਪਹੁੰਚ ਜਾਣੀਆਂ ਚਾਹੀਦੀਆਂ ਹਨ।

(ੳ) ਵਿੱਦਿਅਕ ਯੋਗਤਾ - ਬੀ.ਏ. -2 ਸਾਲ ਜਾਂ ਵਧੇਰੇ ਸਮੇਂ ਤੋਂ ਪ੍ਰਚਾਰ ਦੇ ਖੇਤਰ ਵਿਚ ਵਿਚਾਰ ਰਹੇ ਵਿਅਕਤੀਆਂ ਲਈ ਯੋਗਤਾ 10+2ਪਾਸ ਤਕ ਵਿਚਾਰੀ ਜਾ ਸਕੇਗੀ।
(ਅ) ਧਾਰਮਿਕ ਯੋਗਤਾ - ਕਿਸੇ ਮਿਸ਼ਨਰੀ ਕਾਲਜ ਤੋਂ ਦੋ ਸਾਲਾ ਕੋਰਸ ਕੀਤਾ ਹੋਣਾ ਚਾਹੀਦਾ ਹੈ।
(ੲ) ਕੀਰਤਨ ਜਾਂ ਤਬਲੇ ਦੀ ਯੋਗਤਾ ਰੱਖਣ ਵਾਲਿਆਂ ਨੂੰ ਪਹਿਲ ਦਿੱਤੀ ਜਾਵੇਗੀ।
(ਸ) ਅੰਗ੍ਰੇਜ਼ੀ ਭਾਸ਼ਾ ਦਾ ਗਿਆਨ ਅਤੇ ਬੋਲਣ ਦਾ ਅਭਿਆਸ ਵਾਧੂ ਯੋਗਤਾ ਸਮਝੀ ਜਾਵੇਗੀ ਅਤੇ ਪਹਿਲ ਦਿੱਤੀ ਜਾਵੇਗੀ।
(ਹ) ਉਮਰ 18 ਸਾਲ ਅਤੇ 30 ਦੇ ਵਿਚ।
(ਕ) ਉਮੀਦਵਾਰ ਦਾ ਅੰਮ੍ਰਿਤਧਾਰੀ ਹੋਣਾ ਜਰੂਰੀ ਹੈ।

ਚੁਣੇ ਗਏ ਵਿਅਕਤੀਆਂ ਨੂੰ 9 ਮਹੀਨਿਆਂ ਦੀ ਟ੍ਰੇਨਿੰਗ ਦਿਤੀ ਜਾਵੇਗੀ। ਇਸ ਸਮੇਂ ਦੌਰਾਨ Rs. 1000/- ਮਹੀਨਾ ਆਨਰੇਰੀਅਮ ਵਜੋਂ ਦਿੱਤਾ ਜਾਵੇਗਾ। ਸੰਤੋਸ਼ਜਨਕ ਟ੍ਰੇਨਿੰਗ ਪੂਰੀ ਕਰਨ ਤੇ ਪ੍ਰਸਾਰਕਾਂ ਨੂੰ Rs. 3000-150-4500-200-5000 ਦੇ ਸਕੇਲ ਵਿਚ ਸੇਵਾ ਤੇ ਲਗਾਇਆ ਜਾਵੇਗਾ। ਸਕੇਲ ਤੋਂ ਇਲਾਵਾ ਹੋਰ ਸਹੂਲਤਾਂ ਵੀ ਉਪਲਬਧ ਹੋਣਗੀਆਂ। ਨੀਯਤ ਕੀਤੇ ਗਏ ਸੇਵਕਾਂ ਨੂੰ ਦੇਸ਼ ਪ੍ਰਦੇਸ਼ ਦੇ ਕਿਸੇ ਕੋਨੇ ਵਿਚ ਸੇਵਾ ਦਿਤੀ ਜਾ ਸਕੇਗੀ।

(ਰਜਿੰਦਰ ਸਿੰਘ) ਜਨਰਲ ਸਕੱਤਰ

ਪ੍ਰੋ. ਪਿਆਰਾ ਸਿੰਘ ਪਦਮ *

ਭਾਰਤੀ ਧਰਮ-ਸਿਧਾਂਤਾਂ ਵਿੱਚ ਮੁੱਖ ਤੌਰ ਤੇ ਤਿੰਨ ਮਾਰਗਾਂ ਦਾ ਚਰਚਾ ਹੈ – ਗਿਆਨ ਮਾਰਗ, ਕਰਮ ਮਾਰਗ ਤੇ ਉਪਾਸਨਾ ਮਾਰਗ। ਗਿਆਨ ਮਾਰਗ ਦਾ ਪੰਧਾਊ ਬਣਨ ਲਈ ਜ਼ਰੂਰੀ ਹੈ ਪਰਮਾਰਥਕ ਵਿਸ਼ਿਆਂ ਦਾ ਦਾਰਸ਼ਨਿਕ ਅਧਿਐਨ ਕੀਤਾ ਜਾਵੇ ਤੇ ਵਿੱਦਿਆ ਸਾਧਨਾ ਰਾਹੀਂ ਜੀਵੰਨ -ਤੱਤ ਨੂੰ ਜਾਣਿਆ ਜਾਵੇ। ਇਹ ਦ੍ਰਿਸ਼ਟੀਕੋਣ ਛੇ ਦਰਸ਼ਨਾਂ ਦੇ ਜ਼ਮਾਨੇ ਦੀ ਉਪਜ ਹੈ ਜਦੋਂ ਕਿ ਬੌਧਿਕ ਵਿਕਾਸ ਨਾਲ ਪ੍ਰਫੁਲਤ ਰਿਸ਼ੀਆਂ ਮੁਨੀਆਂ ਨੇ ਖਾਸ-ਖਾਸ ਵਿਚਾਰਧਾਰਾਵਾਂ ਨੂੰ ਰੂਪਮਾਨ ਕੀਤਾ। ਸਾਂਖ ਦਾ ਖਿਆਲ ਸੀ ਕਿ ਪੁਰਸ਼ ਤੇ ਪ੍ਰਾਕ੍ਰਿਤੀ ਦਾ ਭੇਦ ਜਾਨਣਾ ਜ਼ਰੂਰੀ ਹੈ, ਨਿਆਇ ਦੀ ਨਜ਼ਰ ਵਿਚ ਤਾਰਕਿਕ ਦ੍ਰਿਸ਼ਟੀ ਤੋਂ ਜੀਵ, ਈਸ਼ਵਰ ਤੇ ਬ੍ਰਹਿਮ ਦਾ ਗਿਆਨ ਲਾਹੇਵੰਦ ਸੀ। ਵੇਦਾਂਤ ਬ੍ਰਹਿਮ ਦੀ ਤਦਵੇਦਤਾ ਯਾ ਏਕਤਾ ਦੇ ਗਿਆਨ ਨੂੰ ਹੀ ਮੁਕਤੀ ਦਾ ਕਾਰਣ ਕਹਿੰਦਾ ਸੀ। ਪਰ ਇਹ ਮੰਨਣਾ ਪਵੇਗਾ ਕਿ ਹਰ ਕਿਸੇ ਲਈ ਅਜਿਹੀ ਗਿਆਨ-ਪ੍ਰਾਪਤੀ ਔਖਾ ਜਿਹਾ ਕੰਮ ਸੀ। ਇਸ ਮਜਬੂਰੀ ਕਾਰਣ ਆਮ ਜਨਤਾ ਦੀ ਰੁਚੀ 'ਕਰਮ-ਮਾਰਗ' ਵੱਲ ਹੋਈ। ਧਰਮ-ਗਿਆਨੀਆਂ ਯਾ ਪਰੋਹਤਾਂ ਦੇ ਦੱਸੇ ਕੁਝ ਗਿਣੇ ਮਿਥੇ ਪੂਜਾ ਪਾਠ ਦੇ ਕਰਮ ਕਰ ਲੈਣੇ ਸਾਧਾਰਣ ਜਗਿਆਸੂ ਲਈ ਸੌਖਾ ਕੰਮ ਸੀ, ਇਸ ਕਰਕੇ ਕਰਮ-ਕਾਂਡ ਦਾ ਬੋਲਬਾਲਾ ਤਕੜਾ ਚਿਰ ਰਿਹਾ। ਹੋਮ ਜੱਗ ਕਰਨਾ, ਬਰਤ ਰਖਣਾ, ਤੀਰਥ ਇਸ਼ਨਾਨ, ਪੁੰਨਦਾਨ, ਖਾਸ ਖਾਸ ਮੰਤਰਾਂ ਦਾ ਜਾਪ ਤੇ ਤਾਪ ਤਾਪਣਾ, ਸਭ ਦੇ ਆਪਣੇ ਆਪਣੇ ਤਰੀਕੇ ਸਨ। ਯੋਗੀਆਂ ਦਾ ਹਠ ਮਾਰਗ ਵੀ ਇਕ ਤਰ੍ਹਾਂ ਦਾ ਕਰਮ ਮਾਰਗ ਹੀ ਸੀ। ਕਿਉਂਕਿ ਉਹ ਆਪਣੇ ਹਠ ਤਪ ਰਾਹੀਂ ਸਰੀਰ ਤੇ ਮਨ ਨੂੰ ਪ੍ਰਾਣਯਾਮ ਤੇ ਆਸਣਾਂ ਰਾਹੀਂ ਸਾਧਣ ਦਾ ਯਤਨ ਕਰਦੇ ਸਨ ਤੇ ਇਸ ਦੁਆਰਾ ਸੁੰਨ ਮੰਡਲ ਵਿਚ ਪਹੁੰਚਣਾ ਉਨ੍ਹਾਂ ਦਾ ਉਦੇਸ਼ ਸੀ। ਪਰ ਇਹ ਕਠਿਨ ਤਿਤਿਯਖਾ, ਗਿਆਨ ਮਾਰਗ ਵਾਂਗ ਹਾਰੀ-ਸਾਰੀ ਦਾ ਕੰਮ ਨਹੀਂ ਸੀ, ਇਸ ਕਰਕੇ ਆਮ ਲੋਕ ਉਪਰਾਮ-ਚਿਤ ਹੋ ਕੇ ਉਪਾਸਨਾ ਮਾਰਗ ਵਲ ਤੁਰਦੇ ਗਏ।

### ਭਗਤੀ ਲਹਿਰ

ਜੇ ਗਿਆਨ ਮਾਰਗ ਦਿਮਾਗ ਦੀ ਚੀਜ਼ ਸੀ, ਤਾਂ ਕਰਮ ਮਾਰਗ ਸਰੀਰ ਦੀ। ਪਰ ਸ਼ਰਧਾ ਉਪਾਸਨਾ ਦਿਲ ਦੀ ਚੀਜ਼ ਸੀ ਤੇ ਇਹੋ ਸ਼ਰਧਾ, ਪ੍ਰੇਮ ਭਾਵਨਾਂ, ਭਗਤੀ ਲਹਿਰ ਦਾ ਮੂਲ ਬਣੀ, ਇਹੋ ਕਾਰਣ ਹੈ ਕਿ ਇਸੇ ਨੇ ਪੜ੍ਹੇ ਅਨਪੜ੍ਹ ਤੇ ਸਾਧਾਰਣ ਆਸਾਧਰਣ ਸਭ ਨੂੰ ਪ੍ਰਭਾਵਿਤ ਕੀਤਾ। ਭਗਤੀ ਮਾਰਗ ਦਾ ਤੱਤ ਦਸਦਿਆਂ ਸੰਤਾਂ ਭਗਤਾਂ ਨੇ ਕਿਹਾ ਹੈ ਕਿ ਪ੍ਰੇਮ ਹੀ ਪ੍ਰਭੂ-ਪ੍ਰਾਪਤੀ ਦਾ ਇਕੋ ਸਾਧਨ ਹੈ :-

*'ਬੇਢੀ ਪ੍ਰੀਤਿ ਮਜੂਰੀ ਮਾਂਗਹਿ, ਜਉ ਕੋਊ ਛਾਨ ਛਵਾਵੈ ਹੋ,*
*ਲੋਗ ਕੁਟੰਬ ਸਭਹੂ ਤੇ ਤੋਰਹਿ, ਤਉ ਆਪਨ ਬੇਢੀ ਆਵੈ ਹੋ।'*

(ਨਾਮਦੇਵ)

*'ਪਢਤਾ ਪਢਤਾ ਜਗ ਮੂਆ, ਪੰਡਿਤ ਭਯਾ ਨਾ ਕੋਇ,*
*ਢਾਈ ਅਖਰ ਪ੍ਰੇਮ ਕੇ, ਪੜ੍ਹੇ ਸੁ ਪੰਡਿਤ ਹੋਇ।'*

(ਕਬੀਰ)

ਜੇ ਇਤਿਹਾਸਕ ਨੁਕਤੇ ਨਾਲ ਵੇਖੀਏ ਤਾਂ ਭਾਰਤ ਵਿਚ ਧਾਰਮਿਕ ਉਦਾਰਤਾ ਕਾਰਣ ਗਈ ਅਨੋਖੇ ਮੱਤ ਪ੍ਰਚਲਤ ਰਹੇ ਹਨ। ਬੋਧੀ, ਜੈਨੀ ਕਿਸੇ ਮਹਾਨ ਸੱਤਾ ਵਿਚ ਵਿਸ਼ਵਾਸ ਨਹੀਂ ਸੀ ਰੱਖਦੇ। ਸ਼ੈਵ ਤੇ ਵੈਸ਼ਨਵ ਮੂਰਤੀਆਂ ਬਣਾ ਕੇ ਆਪਣੀ ਤਰ੍ਹਾਂ ਭਗਵਾਨ ਦੀ ਪੂਜਾ ਕਰਨ ਲਗੇ ਤੇ ਮੰਦਰਾਂ ਦੇ ਅਡੰਬਰ ਭਗਵਾਨ ਦੀ ਥਾਂ ਮਾਇਆ ਨੂੰ ਲੈ ਆਏ, ਤਾਂਤ੍ਰਿਕ ਮਤ ਵਾਲਿਆਂ ਰਹਿਣੀ-ਬਹਿਣੀ ਦੀਆਂ ਅਨੋਖੀਆਂ ਖੁਲ੍ਹਾਂ ਦੇ ਕੇ ਧਰਮ-ਕਰਮ ਵਿਚ ਵਿਕਾਰੀ ਰੰਗ ਲੈ ਆਂਦਾ। ਅਜਿਹੀ ਹਾਲਤ ਵਿਚ ਪੂਜਣ ਯੋਗ ਮਹਾਨ ਸੱਤਾ ਬਾਰੇ ਸਪਸ਼ਟਤਾ ਦੀ ਲੋੜ ਸੀ, ਇਸ ਕਰਕੇ ਸ਼ੰਕਰਾਚਾਰੀਆ ਨੇ 'ਨਿਰਗੁਣ ਬ੍ਰਹਿਮ' ਦਾ ਸਿਧਾਂਤ ਨਿਰੂਪਣ ਕਰਕੇ ਸ਼ੂੰਨਵਾਦ ਯਾ ਨਾਸਤਿਕਤਾ ਦੀ ਜੜ ਉਖਾੜੀ। ਅਦੇਤਵਾਦ ਇਕ ਬ੍ਰਹਮ ਦਾ ਵਿਸ਼ਵਾਸ ਹੈ, ਜਿਸ ਦੀ ਸ਼ਕਤੀ ਕਾਇਆ ਹੈ, ਜੀਵ ਇਸ ਤੋਂ ਭਿੰਨ ਨਹੀਂ। ਇਸਲਾਮੀ ਤੌਹੀਦ ਰਾਹੀਂ ਵੀ ਇਸ ਦੀ ਇਕ ਤਰ੍ਹਾਂ ਪੁਸ਼ਟੀ ਹੋਈ। ਮਗਰ ਸ਼ੰਕਰ ਦਾ ਦੱਸਿਆ ਬ੍ਰਹਿਮ ਲੋਕਾਂ ਲਈ ਆਕਰਸ਼ਣ ਦਾ ਕਾਰਣ ਨਹੀਂ ਸੀ ਹੋ ਸਕਦਾ, ਤੇ ਨਾ ਹੀ ਮੂਰਤੀ ਪੂਜਾ ਮਾਰਤ ਤੇ ਗੱਲ ਮਥਕਦੀ ਸੀ । ਅਜਿਹੀ ਅਵਸਥਾ ਵਿੱਚ ਦੱਖਣ ਵਲ ਅਲਵਾਰ ਲੋਕਾਂ (ਅਧਿਆਤਮਕ ਸਾਗਰ ਦੇ ਗੋਤਾਂਖੋਰਾਂ) ਨੌਵੀਂ, ਦਸਵੀਂ ਸਦੀ ਦੇ ਲਾਗੇ-ਚਾਗੇ ਵੈਸ਼ਨਵ ਭਗਤੀ ਦੀ ਬੁਨਿਆਦ ਰੱਖੀ। ਇਹ ਮਾਨੋਂ ਸ਼ੰਕਰ ਦੇ ਨਿਰਗੁਣ ਬ੍ਰਹਿਮ ਦੀ ਪ੍ਰਤੀਕ੍ਰਿਆ ਸੀ ਤੇ ਉਹ ਤਾਂ ਇਥੋਂ ਤਕ ਵੀ ਕਹਿੰਦੇ ਸਨ ਕਿ ਸ਼ੰਕਰ ਦਾ ਅਦ੍ਵੈਤਵਾਦ ਤਾਂ ਇਕ ਤਰ੍ਹਾਂ ਦਾ ਮਾਇਆਵਾਦ ਹੀ ਹੈ। ਦੂਜੇ, ਇਹ ਲੋਕ ਛੋਟੀਆਂ ਜਾਤਾਂ ਵਿਚੋਂ ਸਨ, ਬ੍ਰਾਹਮਣ ਇਨ੍ਹਾਂ ਨੂੰ ਧਰਮ-ਕਰਮ ਦੀ ਆਗਿਆ ਨਹੀਂ ਸੀ ਦਿੰਦਾ, ਇਸ ਕਰਕੇ ਇਨ੍ਹਾਂ ਭਗਤੀ ਦਾ ਰਾਹ ਅਪਣਾਇਆ ਤੇ ਪ੍ਰਭੂ ਤੇ ਗੀਤ ਗਾ-ਗਾ ਧਰਮ-ਕਰਮ ਦਾ ਨਵਾਂ ਰਾਹ ਚਲਾਇਆ। ਸ਼ੰਕਰ ਨੇ ਦਾਰਸ਼ਨਿਕ ਤੌਰ ਤੇ ਜੀਵ ਬ੍ਰਹਿਮ ਦੀ ਏਕਤਾ ਦਰਸਾਈ ਸੀ ਪਰ ਇਨ੍ਹਾਂ ਵੈਸ਼ਨਵ ਭਗਤਾਂ ਦੀ ਦਲੀਲ ਇਹ ਸੀ ਕਿ ਅਜਿਹਾ ਅਦ੍ਵੈਤ ਮੰਨ ਕੇ ਭਗਤੀ ਦੀ ਲੋੜ ਨਹੀਂ ਸੀ ਰਹਿ ਜਾਂਦੀ, ਇਕ ਭਗਤ ਹੈ ਤੇ ਇਕ ਭਗਵਾਨ, ਦੋਵੇਂ ਅੱਡ-ਅੱਡ ਹਨ। ਰਾਮਾਨੁਜਾਚਾਰਯ (1016-1137) ਜੀਵ ਤੇ ਬ੍ਰਹਿਮ ਵਿਚ ਭੇਦ ਮੰਨਦੇ ਹਨ ਤੇ ਇਹ ਵੀ ਮੰਨਦੇ ਹਨ ਕਿ ਜੀਵ ਤੇ ਈਸ਼ਵਰ ਇਕ ਤਰ੍ਹਾਂ ਬ੍ਰਹਿਮ ਦੇ ਹੀ ਦੋ ਰੂਪ ਹਨ ਤੇ

* ਕਲਮ ਮੰਦਿਰ, ਲੋਇਰ ਮਾਲ, ਪਟਿਆਲਾ

ਉਸ ਦੀ ਭਗਤੀ ਮੁਕਤੀ -ਦਾਤੀ ਹੈ। ਇਸੇ ਨੂੰ ਉਨ੍ਹਾਂ 'ਵਿਸ਼ਿਸਿਟ ਅਦ੍ਵੈਤਵਾਦ' ਦਾ ਨਾਮ ਦਿਤਾ। ਇਸ ਅਨੁਸਾਰ ਬ੍ਰਹਿਮ ਇਕ ਵਿਸ਼ੇਸ਼ ਪਦਾਰਥ ਹੈ ਤੇ ਜੀਵ ਪ੍ਰਕ੍ਰਿਤੀ ਤਾਂ ਉਸ ਦੇ ਵਿਸ਼ੇਸ਼ਣ ਮਾਤਰ ਹਨ। ਆਚਾਰਯ ਨਿੰਬਾਰਕ (1114-1162 ਈ:) ਨੇ 'ਦ੍ਵੈਤਾਦ੍ਵੈਤ' ਦੀ ਨੀਂਹ ਰੱਖੀ, ਜਿਸ ਵਿਚ ਜੀਵ ਤੇ ਈਸ਼ਵਰ ਨੂੰ ਅਨਿੱਤ ਮੰਨ ਕੇ ਫਿਰ ਉਨ੍ਹਾਂ ਦਾ ਵਜੂਦ ਅੱਡ-ਅੱਡ ਬਿਆਨ ਕੀਤਾ ਹੈ। ਉਨ੍ਹਾਂ ਦਾ ਤਰਕ ਹੈ ਕਿ ਮਿੱਟੀ ਤੇ ਘੜਾ ਇਕੋ ਹਨ, ਕਿਉਂਕਿ ਦੋਹਾਂ ਦੀ ਵਸਤੂ ਇਕੋ ਹੈ। ਇਹ ਭਿੰਨ ਭਿੰਨ ਵੀ ਹਨ ਕਿਉਂਕਿ ਨਾਮ, ਰੂਪ ਕਰਕੇ ਵੱਖਰੇ ਹਨ। ਇਹੋ ਹਾਲ ਬ੍ਰਹਿਮ ਤੇ ਸ੍ਰਿਸ਼ਟੀ ਦਾ ਹੈ।

ਮਾਧਵਾਚਾਰਯ (1199-1303 ਈ:) ਨਿਰਗੁਣ ਬ੍ਰਹਿਮ ਨੂੰ ਕਲਪਿਤ ਕਹਿ ਕੇ ਸਰਗੁਣ ਨੂੰ ਗੁਣਾਂ ਦਾ ਸਾਗਰ ਮੰਨਦਾ ਹੈ। ਉਸ ਦੇ ਖਿਆਲ ਵਿਚ ਦੋ ਪਦਾਰਥ ਹਨ - ਭਗਵਾਨ ਸੁਤੰਤ੍ਰ ਹੈ ਤੇ ਜੀਵ ਪਰਤੰਤ੍ਰ , ਇਹ ਜੀਵ ਅਭੇਤ ਨਹੀਂ ਹੋ ਸਕਦਾ, ਕੇਵਲ ਸਿਮਰਨ ਭਜਨ ਨਾਲ ਮੁਕਤ ਹੋ ਸਕਦਾ ਹੈ। ਇਨ੍ਹਾਂ ਦਾ ਮੱਤ 'ਦ੍ਵੈਤਵਾਦ' ਕਹਾਉਂਦਾ ਹੈ। ਜੋ ਕਿ ਇਕ ਤਰ੍ਹਾਂ ਅਦ੍ਵੈਤਵਾਦ ਦਾ ਉਲਟ ਹੈ।

ਵੱਲਭਾਚਾਰਯ (1475-1531 ਈ:) ਨੇ ਹੋਰ ਮਨੌਤਾਂ ਦਾ ਖੰਡਨ ਕਰਕੇ ਮਾਇਆ ਨੂੰ ਭਰਮ ਸਿੱਧ ਕੀਤਾ ਤੇ ਬ੍ਰਹਿਮ ਨੂੰ ਇਕੋ ਇਕ ਸ਼ੁਧ ਰੂਪ ਦੱਸਿਆ, ਇਹ 'ਸ਼ੁਧਾਦ੍ਵੈਤਵਾਦ' ਹੈ, ਪੁਸ਼ਟੀ ਮਾਰਗ ਵੀ ਇਸ ਨੂੰ ਕਹਿੰਦੇ ਹਨ ਰਾਧਾ ਕ੍ਰਿਸ਼ਨ ਦੀ ਭਗਤੀ ਇਥੋਂ ਹੀ ਸ਼ੁਰੂ ਹੋਈ। ਇਹ ਬ੍ਰਹਿਮ ਨੂੰ ਕਾਰਣ ਤੇ ਜਗਤ ਨੂੰ ਕਾਰਜ ਮੰਨ ਕੇ ਇਹ ਕਹਿੰਦੇ ਹਨ ਕਿ ਜੇ ਕਾਰਣ ਸਤਿ ਹੈ ਤਾਂ ਕਾਰਜ ਵੀ ਸਤਿ ਹੈ, ਸੋ ਇਹ ਜਗਤ ਮਿਥਿਆ ਨਹੀਂ, ਭਗਵਾਨ ਦੀ ਲੀਲ੍ਹਾ ਹੈ ਮੁਕਤੀ ਲਈ ਉਸੇ ਦੀ ਕ੍ਰਿਪਾ ਚਾਹੀਦੀ ਹੈ ਤੇ ਇਹ ਕ੍ਰਿਪਾ, ਆਤਮ-ਸਮਰਪਣ ਨਾਲ ਹੋ ਸਕਦੀ ਹੈ, ਜੋ ਕਿ ਭਗਤੀ ਦਾ ਮੁੱਖ ਅੰਗ ਹੈ।

ਵੇਦਾਂਤ ਦਾ ਨਿਸਚਾ ਸੀ ਕਿ ਆਤਮਾ ਬ੍ਰਹਿਮ ਰੂਪ ਹੈ, ਭਗਤੀ ਨੇ ਇਹ ਦ੍ਰਿੜਾਇਆ ਕਿ ਅਸੀਂ ਕੁਝ ਵੀ ਨਹੀਂ ਸਾਡੇ ਨਿਮਾਣੇ ਜਤਨ ਵੀ ਤੁੱਛ ਹਨ, ਸਭ ਉਸ ਦੀ ਕ੍ਰਿਪਾ ਤੇ ਨਿਰਭਰ ਕਰਦਾ ਹੈ। ਇਹ ਨਦਰਿ ਦਾ ਸਿਧਾਂਤ ਸੂਫੀਆਂ, ਸੰਤਾਂ, ਭਗਤਾਂ ਵਿਚ ਬਰਾਬਰ ਸਨਮਾਨਿਆ ਗਿਆ ਹੈ। ਅੰਤ ਨਤੀਜਾ ਇਹ ਹੋਇਆ ਕਿ ਇਸ ਤਰ੍ਹਾਂ ਦੀ ਦਾਰਸ਼ਨਿਕ ਵਿਚਾਰ ਚਰਚਾ ਵਿਚੋਂ ਨਿਕਲ ਕੇ ਭਗਤੀ ਨੇ ਪ੍ਰੇਮ, ਸ਼ਰਧਾ ਤੇ ਤਪ ਸਾਧਨਾਂ ਦੀ ਅਮਲੀ ਘਾਲਣਾ ਸਦਕੇ ਇਕ ਨਿਖਰਵਾਂ ਰੂਪ ਧਾਰਨ ਕੀਤਾ। ਪੂਜਯ ਇਸ਼ਟ ਬਾਰੇ ਭਾਵੇਂ ਸਰਗੁਣ ਨਿਰਗੁਣ ਦੀ ਕਲਪਨਾ ਭਿੰਨ ਭਿੰਨ ਚਲਦੀ ਰਹੀ ਪਰ ਉਸਨੂੰ ਪ੍ਰਸੰਨ ਕਰਨ ਲਈ ਉਪਾਸਨਾ ਤੇ ਸ਼ਰਧਾ ਪ੍ਰੇਮ ਹੀ ਇਕੋ ਇਕ ਸੱਚਾ ਮਾਰਗ ਪਰਵਾਣ ਕੀਤਾ ਗਿਆ। ਰਾਮਾਨੁਜ ਦੀ ਸ਼ਿਸ਼ ਪਰੰਪਰਾ ਵਿਚੋਂ ਰਾਮਾਨੰਦ (1366-1467 ਈ:) ਪ੍ਰਸਿੱਧ ਭਗਤ ਹੋਏ, ਜਿਨ੍ਹਾਂ ਉਤਰੀ ਹਿੰਦੁਸਤਾਨ ਵਿਚ ਭਗਤੀ ਲਹਿਰ ਨੂੰ ਪ੍ਰਸਾਰਿਆ ਅਤੇ ਕਬੀਰ ਇਸ ਦੇ ਪ੍ਰਧਾਨ ਪ੍ਰਚਾਰਕ ਬਣੇ। ਇਹ ਕਥਨ ਠੀਕ ਹੀ ਹੈ :-

*'ਭਗਤਿ ਦ੍ਰਾਵੜ ਉਪਜੀ, ਲਾਏ ਰਾਮਾਨੰਦ,*
*ਪਰਗਟ ਕੀਆ ਕਬੀਰ ਨੇ, ਸਪਤ ਦੀਪ ਨਵ ਖੰਡ।'*

ਹੁਣ ਇਸ ਪਰਮਾਰਥਕ ਸਿਧਾਂਤ ਨੂੰ ਲੋਕ ਜੀਵਨ ਤੇ ਵੀ ਲਾਗੂ ਕਰਨਾ ਜਰੂਰੀ ਸੀ। ਜਾਤ-ਪਾਤ ਦੇ ਵਰਣ-ਵੰਡ ਦੀਆਂ ਕੁਰੀਤਾਂ ਕਾਰਣ ਅਤੇ ਰਾਜਸੀ ਜਬਰ ਕਰਕੇ ਹਿੰਦੂ ਮੁਸਲਮਾਨ ਦੇ ਤਿੱਖੇ ਭਿੰਨ-ਭੇਦ ਸਮਾਜ ਵਿਚ ਖਿਚਾਉ ਪੈਦਾ ਕਰ ਰਹੇ ਸਨ। ਇਸ ਸਮੇਂ ਸੂਫੀ ਦਰਵੇਸ਼ਾਂ ਨੇ ਪ੍ਰੇਮ-ਪਿਆਰ ਦਾ ਹੋਕਾ ਦਿਤਾ ਤੇ ਭਗਤਾਂ ਸੰਤਾਂ ਨੇ ਰੱਬੀ ਏਕਤਾ ਦੇ ਨਾਮਨੁੱਖੀ ਏਕਤਾ ਦੀ ਸੰਥਾਂ ਪੜ੍ਹਾਈ।

ਭਾਵੇਂ ਦਾਰਸ਼ਨਿਕ ਤੌਰ ਤੇ ਹਿੰਦੂ ਮਤ ਅਦ੍ਵੈਤਵਾਦੀ ਸੀ ਪਰ ਵਿਹਾਰਕ ਰੂਪ ਵਿਚ ਬਹੁਦੇਵਵਾਦ ਇਕ ਆਮ ਗੱਲ ਸੀ ਤੇ ਇਸ ਤੋਂ ਵੀ ਪੂਰੇ ਬੁੱਤ-ਪ੍ਰਸਤੀ। ਸੂਫੀਆਂ ਦਾ ਰੱਬੀ ਭਰੋਸਾ ਏਕਤਾਵਾਦ ਨੂੰ ਬਲ ਦੇ ਰਿਹਾ ਸੀ ਪਰ ਉਹ ਭਗਤਾਂ ਵਾਂਗ ਸ਼ਰ੍ਹਾਂ ਸ਼ਰੀਅਤ ਉਤੇ ਜ਼ੋਰ ਲਾ ਦੇ ਕੇ ਪ੍ਰੇਮ ਮਾਰਗ ਨੂੰ ਵਧੀਆ ਰਸਤਾ ਦਸ ਰਹੇ ਸਨ, ਇਸ ਨਾਲ ਭਗਤੀ ਲਹਿਰ ਨੂੰ ਚੰਗੀ ਸ਼ਕਤੀ ਮਿਲੀ। ਹਿੰਦੂ ਸਾਧੂ ਸੰਤ ਤੇ ਮੁਸਲਮਾਨ ਸੂਫੀ ਦਰਵੇਸ਼ ਦੋ ਗੱਲਾਂ ਵਿਚ ਬਿਲਕੁਲ ਇਕ ਸਨ ਕਿ ਰੱਬ ਇੱਕ ਹੈ ਤੇ ਮਨੁੱਖ ਜਾਤੀ ਇਕ ਹੈ ਪਰ ਪਰੋਹਤ ਜਮਾਤ ਇਸ ਗੱਲ ਨਾਲ ਸਹਿਮਤ ਨਹੀਂ ਸੀ। ਬ੍ਰਾਹਮਣ ਤੇ ਕਾਜ਼ੀ, ਕਾਫਰ, ਮਲੇਛ ਅਤੇ ਸ਼ੂਦ੍ਰ, ਸੁਵਰਨ ਵਾਲੀ ਸੰਕੇਤਵਾਲੀ ਨੂੰ ਛੱਡਣ ਲਈ ਤਿਆਰ ਨਹੀ ਸਨ ਅਤੇ ਨਾ ਹੀ ਕਰਮਕਾਂਡ ਤੇ ਫੋਕੀ ਸ਼ਰੀਅਤ ਦੀ ਨਿਖੇਧੀ ਸੁਣ ਸਕਦੇ ਸਨ। ਪਰ ਭਗਤਾਂ ਦਰਵੇਸ਼ਾਂ ਦਾ ਪ੍ਰੇਮ ਮਾਰਗ ਬਲਵਾਨ ਸੀ, ਉਸ ਦੇ ਵਹਿਣ ਨੇ ਸਭ ਕੂੜਾ ਕਰਕਟ ਰੋੜ੍ਹ ਕੇ ਦੂਰ ਸੁੱਟ ਦਿੱਤਾ। ਕਬੀਰ ਉਚੀ ਉਚੀ ਕਹਿ ਰਿਹਾ ਸੀ ਕਿ ਇਹ ਕਰਮਕਾਂਡ ਤੇ ਸ਼ਰ੍ਹਾ ਦੇ ਗ੍ਰੰਥ ਹੁਣ ਦੇ ਜ਼ਮਾਨੇ ਲਈ ਉਪਯੋਗੀ ਨਹੀਂ :

*ਬੇਦ ਕਤੇਬ ਇਫਤਰਾ ਭਾਈ, ਦਿਲ ਕਾ ਫਿਕਰੁ ਨਾ ਜਾਇ ।*
*ਟੁਕ ਦਮ ਕਰਾਰੀ ਜਉ ਕਰੋ, ਹਾਜਰਿ ਹਜੂਰ ਖੁਦਾਇ ।*

(ਤਿਲੰਗ ਕਬੀਰ)

## ਭਗਤੀ ਤੇ ਕੀਰਤਨ

ਮਹਾਂ ਰਿਸ਼ੀ ਨਾਰਦ ਅਨੁਸਾਰ 'ਸਭ ਕੁਝ ਪਰਮੇਸ਼ਰ ਅਗੇ ਅਰਪਣ ਕਰ ਦੇਣਾ ਭਗਤੀ ਹੈ।' ਭਗਤੀ ਲਹਿਰ ਦੇ ਉਹ ਮਹਾਂਪੁਰਸ਼ ਜਿਨ੍ਹਾਂ ਮਜ਼੍ਹਬੀ ਕਰਮਕਾਂਡ ਤੇ ਸ਼ਰ੍ਹਾ ਸ਼ਰੀਅਤ ਦੀ ਥਾਂ ਪ੍ਰੇਮ ਭਗਤੀ ਤੇ ਸ਼ਰਧਾ ਉਪਾਸਨਾ ਤੇ ਵਧੇਰੇ ਜ਼ੋਰ ਦਿੱਤਾ ਉਹ 'ਭਗਤ' ਕਹੇ ਜਾਂਦੇ ਹਨ। ਦਰਅਸਲ ਭਗਤੀ ਲਹਿਰ ਸਾਂਸਕ੍ਰਿਤਿਕ ਚੇਤਨਾ ਦੀ ਲਹਿਰ ਸੀ ਜਿਸ ਵਿਚ ਧਾਰਮਿਕ ਦੇ ਸਮਾਜਕ ਪ੍ਰਗਤੀ ਦੀ ਭਾਵਨਾ ਰਲੀ ਮਿਲੀ ਸੀ। ਇਸ ਨੇ ਸਮੁੱਚੇ ਭਾਰਤ ਨੂੰ ਪ੍ਰਭਾਵਿਤ ਕੀਤਾ ਤੇ ਇਸ ਦਾ ਪ੍ਰਮੁੱਖ ਸਾਧਨ 'ਕੀਰਤਨ' ਸੀ। ਦੱਖਣ ਦੇ ਅਲਵਾਰ ਭਗਤ ਕਿਰਤ ਕਰਨ ਵਾਲੇ, ਸਿੱਧੇਸਾਦੇ ਭਲੇ ਲੋਕ ਸਨ, ਬਾਹਰੀ ਅਡੰਬਰ ਉਨ੍ਹਾਂ ਨਹੀਂ ਭਾਉਂਦੇ ਤੇ ਨਾ ਹੀ ਬ੍ਰਾਹਮਣ ਇਨ੍ਹਾਂ ਨੂੰ ਧਰਮ-ਅਧਿਕਾਰ ਦਿੰਦਾ ਸੀ, ਜਿਸ ਕਰਕੇ

ਇਨ੍ਹਾਂ ਆਪਣੀ ਸ਼ਰਧਾ ਸਿਦਕ ਦੇ ਬਲ ਨਾਲ ਇਕ ਪ੍ਰੇਮ ਲਹਿਰ ਚਲਾਈ, ਕੀਰਤਨ ਦੀ ਗੰਗਾ ਵਗਾਈ ਜਿਸ ਦਾ ਗੁਆਂਢੀ ਪ੍ਰਾਂਤਾਂ ਤੇ ਅਸਰ ਹੋਣਾ ਜ਼ਰੂਰੀ ਸੀ। ਮਹਾਂਰਾਸ਼ਟਰ ਵਿਚ 'ਵਾਰਕਰੀ' ਸੰਪ੍ਰਦਾ ਉਠੀ, ਪੰਡਰਪੁਰ ਇਨ੍ਹਾਂ ਦਾ ਕੇਂਦਰ ਸੀ। ਭਗਤ ਨਾਮਦੇਵ, ਗਿਆਨਦੇਵ, ਏਕਨਾਥ ਤੇ ਤੁਕਾਰਾਮ ਵਰਗੇ ਭਗਤ ਇਸ ਲਹਿਰ ਦੇ ਆਗੂ ਸਨ। ਇਹ ਲੋਕ ਕੀਰਤਨ ਕਰਦੇ ਕਰਦੇ ਆਪਣੇ ਵਿਠਲ ਮੰਦਰ ਦੀ ਯਾਤਰਾ ਕਰਦੇ ਸਨ। 'ਵਾਰ' ਦਾ ਅਰਥ ਹੈ ਯਾਤਰਾ ਸੋ ਇਹ 'ਵਾਰਕਰੀ' ਸੰਪ੍ਰਦਾ ਇਕ ਕਿਸਮ ਦੀ ਭਜਨ ਮੰਡਲੀ ਸੀ, ਕੀਰਨੀਆਂ ਦੀ ਟੋਲੀ ਸੀ, ਜਿਨ੍ਹਾਂ ਮਹਾਂਰਾਸ਼ਟਰ ਵਿਚ ਪ੍ਰਭੂ-ਗੀਤ ਗਾ ਗਾ ਕੇ ਉਸ ਵਾਤਾਵਰਣ ਨੂੰ ਸੁਹਾਵਣਾ ਬਣਾਇਆ। ਹੌਲੀ ਹੌਲੀ ਇਹ ਰੂਹਾਨੀ ਸੰਗੀਤ ਦੀ ਲਹਿਰ ਭਗਤੀ ਰਾਮਾਨੰਦ ਦੀ ਬਦੌਲਤ ਬਨਾਰਸ ਵਿਚ ਪਹੁੰਚ ਗਈ, ਅਜੁੱਧਿਆ, ਮਥਰਾ ਇਸ ਦੇ ਮੁੱਖ ਕੇਂਦਰ ਬਣੇ, ਅਜੁੱਧਿਆ ਰਾਮਭਗਤੀ ਦਾ ਸੈਂਟਰ ਸੀ ਤੇ ਮਥਰਾ, ਬ੍ਰਿੰਦਾਬਨ ਕ੍ਰਿਸ਼ਨ ਭਗਤੀ ਦਾ। ਭਾਵੇਂ ਕੋਈ ਸਰਗੁਣਵਾਦੀ ਭਗਤ ਸੀ ਭਾਵੇਂ ਨਿਰਗੁਣਵਾਦੀ ਸਭ ਕੀਰਤਨ ਗਾਇਨ ਦੁਆਰਾ ਹੀ ਆਪਣੇ ਇਸ਼ਟ ਦੀ ਭਗਤੀ ਕਰਦੇ ਸਨ। ਇਸ ਸਮੇਂ ਵੈਸ਼ਣਵ ਭਗਤਾਂ ਨੇ ਇਸ ਕੀਰਤਨ ਪਰੰਪਰਾ ਨੂੰ ਬਹੁਤ ਅਗੇ ਵਧਾਇਆ ਤੇ ਦੇਵੀ ਦੇ ਸ਼ਰਧਾਲੂ ਵੀ ਦੇਵੀ ਯਾਤਰਾ ਸਮੇਂ ਮਾਈ ਦੀਆਂ ਭੇਟਾਂ ਗਾ ਗਾ ਲੰਮੇ ਪੈਂਡੇ ਤੈਅ ਕਰਦੇ। ਬੰਗਾਲ ਵਿਚ ਚੇਤੰਨ ਪ੍ਰਭੂ ਕੀਰਤਨ ਦਾ ਪ੍ਰਵਾਹ ਚਲਾਉਂਦੇ, ਯੂ.ਪੀ. ਵਿਚ ਵੱਲਭਾਂਚਾਰਯ ਨੇ ਪ੍ਰੀਤ ਵੀਣਾਂ ਵਜਾਈ, ਪਿਛੋਂ ਇਧਰ ਸੂਰਦਾਸ ਤੇ ਮੀਰਾਂ ਦੇ ਭਜਨਾਂ ਦੀ ਗੂੰਜ ਪਈ। ਜੋਗੀ ਲੋਕ ਕਿੰਗਰੀ ਤੇ 'ਸ਼ਬਦੀ' ਤੇ 'ਸਾਖੀ' ਦੀ ਆਪਣੀ ਤਾਨ ਛੇੜਦੇ ਸਨ। ਸੂਫੀਆਂ ਦੀਆਂ ਮਹਿਫਿਲਾਂ ਦਾ ਸ਼ਿੰਗਾਰ ਕੱਵਾਲੀ ਸੀ। ਇਹ ਲੋਕ ਗਾਉਂਦੇ ਤੇ ਗਾ ਗਾ ਕੇ ਧਮਾਲਾਂ ਪਾਉਂਦੇ ਸਨ।

ਪੰਜਾਬ ਵਿਚ ਗੁਰੂਆਂ ਨੇ ਕੀਰਤਨ ਨੂੰ ਪ੍ਰਮੁੱਖ ਸਥਾਨ ਦਿੱਤਾ, ਉਨ੍ਹਾਂ ਕੇਵਲ ਇਸ ਨੂੰ ਸਾਧਨ ਮਾਤਰ ਨਹੀਂ ਬਣਾਇਆ ਸਗੋਂ ਇਸ ਦਾ ਰੁਤਬਾ ਹੋਰ ਵਧਾਇਆ ਤੇ ਇਸ ਨੂੰ ਜੀਵਨ ਦਾ ਮੁੱਖ ਅੰਗ ਬਣਾਇਆ।

ਦਰਅਸਲ ਭਗਤੀ ਲਹਿਰ ਸਮੇਂ ਅਧਿਆਤਮਵਾਦੀ ਲੋਕ, ਦੋ ਭਾਗਾਂ ਵਿਚ ਵੰਡੇ ਹੋਏ ਸਨ- ਇਸ ਗਿਆਨ ਮਾਰਗੀ ਤੇ ਦੂਜੇ ਪ੍ਰੇਮ-ਮਾਰਗੀ, ਗਿਆਨ-ਮਾਰਗੀ ਭਗਤ, ਅਚਾਰਯ, ਜੀਵ ਬ੍ਰਹਮ ਦੀ ਏਕਤਾ ਦੇ ਗਿਆਨ ਉਤੇ ਵਧੇਰੇ ਨਿਰਭਰ ਕਰਦੇ ਸਨ ਤੇ ਇਹ ਬਹੁਤੇ ਦੱਖਣੀ ਭਾਰਤ ਤਕ ਹੀ ਸੀਮਤ ਸਨ। ਇਨ੍ਹਾਂ ਦਾ ਮੁੱਖ ਆਧਾਰ ਵਿਆਸ ਦਾ 'ਬ੍ਰਹਮ ਸੂਤ੍ਰ' ਸੀ, ਇਨ੍ਹਾਂ ਇਸਦੀ ਤਰ੍ਹਾਂ - ਤਰ੍ਹਾਂ ਦੀ ਵਿਆਖਿਆ ਕਰ ਕਰਕੇ ਭਗਤੀ ਦਾ ਮਾਰਗ ਉਲੀਕਿਆ। ਦੂਜੇ ਪ੍ਰੇਮ-ਮਾਰਗੀ ਭਗਤੀ, ਅਚਾਰਯ ਸ਼੍ਰੇਣੀ ਵਿਚੋਂ ਨਹੀਂ ਸਨ। ਇਹ ਜਨ-ਸਾਧਾਰਣ ਵਿਚੋਂ ਉਠੇ ਸਨ ਤੇ ਸ਼ਾਸਤ੍ਰੀ ਗਿਆਨ ਦੀ ਥਾਂ ਆਪਣਾ ਅਨੁਭਵ ਸਿੱਧੀ ਸਾਦੀ ਬੋਲੀ ਵਿਚ ਪ੍ਰਗਟਾ ਕੇ ਖੁਸ਼ ਸਨ। ਪੁਰਾਣੇ ਅਚਾਰਯ ਸੰਸਕ੍ਰਿਤ ਵਿਚ ਉਪਦੇਸ਼ ਦਿੰਦੇ ਸਨ, ਨਵੇਂ ਭਗਤ, ਲੋਕ-ਭਾਸ਼ਾ ਵਿਚ ਗੱਲ ਕਰਦੇ ਸਨ। ਪੁਰਾਣੇ ਪੰਡਿਤ, ਤਰਕ ਸ਼ਾਸਤ੍ਰ ਦਾ ਆਸਰਾ ਲੈਂਦੇ ਸਨ ਤੇ ਨਵੇਂ ਸੰਤ ਸਾਧੂ, ਸਿਦਕ ਤੇ ਭਰੋਸੇ ਨੂੰ ਮੁੱਖ ਥਾਂ ਦੇਂਦੇ ਸਨ। ਸਨਾਤਨੀ ਬ੍ਰਾਹਮਣ ਕਥਾ ਵਖਿਆਨ ਤੇ ਸ਼ਾਸਤ੍ਰਾਰਥ ਕਰ ਕਰਕੇ ਆਪਣਾ ਸਿਧਾਂਤ ਦ੍ਰਿੜ੍ਹਾਉਂਦੇ ਸਨ ਪਰ ਨਵੇਂ ਭਗਤ ਸਾਜ਼ ਵਜਾ ਵਜਾ ਕੇ ਬਾਣੀ ਗਾ ਗਾ ਕੇ ਜਗਿਆਸੂ ਦੇ ਮਨ ਵਿਚ ਆਪਣੀ ਗੱਲ ਵਸਾਉਂਦੇ ਸਨ।

## ਕੀਰਤਨ ਤੇ ਸੰਗੀਤ

ਕਾਰਲਾਇਲ ਨੇ ਠੀਕ ਕਿਹਾ ਹੈ ਕਿ ਸੰਗੀਤ ਫ਼ਰਿਸ਼ਤਿਆਂ ਦੀ ਜ਼ਬਾਨ ਹੈ। ਮਾਰਟਨ ਲੂਥਰ ਅਨੁਸਾਰ 'ਸੰਗੀਤ ਪੈਗੰਬਰਾਂ ਦੀ ਕਲਾ ਹੈ ਜੋ ਆਤਮਾ ਤੇ ਅਸ਼ਾਂਤੀ ਦੂਰ ਕਰਦੀ ਹੈ।' ਇਹ ਰੱਬ ਦੀਆਂ ਖਾਸ ਮਿਹਰਬਾਨੀਆਂ ਵਿਚੋਂ ਇਕ ਹੈ ਤੇ ਭਗਤੀ ਲਹਿਰ ਦੇ ਭਗਤਾਂ ਉਤੇ ਇਹ ਖਾਸ ਮਿਹਰ ਹੋਈ ਹੈ।

ਭਾਂਵੇਂ ਵੈਦਕ ਸਮੇਂ ਤੋਂ ਸੰਗੀਤ ਦੀ ਰੀਤ ਚਲਦੀ ਆਈ, ਪਰ 'ਕੀਰਤਨ' ਵਰਗਾ ਸ਼ਕਤੀਸ਼ਾਲੀ ਸਾਧਨ ਅਜੇ ਮੂਰਤੀਮਾਨ ਨਹੀਂ ਸੀ ਹੋਇਆ। ਉਸ ਸਮੇਂ ਯੱਗ ਹੋਮ ਹੀ ਪ੍ਰਧਾਨ ਕਰਮ ਸੀ। ਸ੍ਰੀ ਮਦ ਭਾਗਵਤ (7.5.23) ਵਿਚ ਭਗਤੀ ਦੇ ਨੌਂ ਭੇਦ ਦਸੇ ਹਨ - ਸ੍ਰਵਣ, ਕੀਰਤਨ, ਸਿਮਰਨ, ਪਾਦ ਸੇਵਨ, ਅਰਚਨ, ਬੰਦਨ, ਸਖੀ ਭਾਵ, ਦਾਸ ਭਾਵ ਤੇ ਆਤਮ ਸਮਰਪਣ। ਇਥੇ ਵੀ ਕੀਰਤਨ ਨੂੰ ਮਾਮੂਲੀ ਦਾ ਸਾਧਨ-ਮਾਰਗ ਇਤਨਾ ਵਿਕਸਤ ਤੇ ਆਮ ਪ੍ਰਚਲਤ ਹੋਇਆ ਹੈ ਕਿ ਇਹ ਹੋਰ ਸਾਰੇ ਕਰਮਕਾਂਡਾਂ ਤੇ ਛਾ ਗਿਆ। ਇਹ ਇਕ ਥਾਂ ਦੀ ਗੱਲ ਨਹੀਂ, ਸਗੋਂ ਸਾਰਾ ਭਾਰਤ ਹੀ ਇਸ ਰਾਹ ਦਾ ਪਾਂਧੀ ਸੀ। ਗੁਰੂਆਂ ਇਸ ਤੱਤ ਨੂੰ ਪਛਾਣ ਲਿਆ ਸੀ, ਇਸੇ ਕਰਕੇ ਉਹ ਕਹਿ ਰਹੇ ਸਨ।

*ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮ ਜਾਗਾਤੀ ਲੂਟਹਿ*
*ਨਿਰਬਾਣ ਕੀਰਤਨ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤ ਛੂਟਹਿ ।*

(ਸੂਹੀ 5)

ਸੋ ਕੀਰਤਨ, ਭਗਤੀ ਲਹਿਰ ਸਮੇਂ ਵਿਕਸਤ ਹੋਈ ਇਕ ਅਜਿਹੀ ਵਿਧੀ ਸੀ ਜਿਸ ਦੁਆਰਾ ਪ੍ਰਭੂ-ਭਗਤੀ, ਮਾਨ ਪ੍ਰੇਮ ਤੇ ਸ੍ਰੇਸ਼ਟਾਚਾਰ ਚਾਹੇ ਹਿੰਦੂ ਭਗਤ ਸਨ, ਚਾਹੇ ਨਿਰਗੁਣਵਾਦੀ ਸੰਤ ਸਨ, ਚਾਹੇ ਸਰਗੁਣਵਾਦੀ ਚਾਹੇ ਹਿੰਦੂ ਭਗਤ ਸਨ, ਚਾਹੇ ਸੂਫੀ ਫਕੀਰ - ਸਭ ਗਾ ਗਾ ਆਪਣੇ ਇਸ਼ਟ ਦੀ ਅਰਾਧਨਾ ਕਰਦੇ ਸਨ। ਇਸ ਗੁਣ ਗਾਇਨ ਜਾਂ ਕੀਰਤਨ ਦਾ ਮੁੱਖ ਮੰਤਵ ਮਾਨਸਿਕ ਏਕਾਗ੍ਰਤਾ ਦੀ ਸਥਾਪਨਾ ਸੀ, ਇਸ ਮਨੋਰਥ ਦੀ ਪ੍ਰਾਪਤੀ ਵਿਚ ਕੀਰਤਨ ਨੇ ਬਹੁਤਾ ਵੱਡਾ ਹਿੱਸਾ ਪਾਇਆ।

ਇਹੋ ਕਾਰਣ ਹੈ ਕਿ ਮੱਧ-ਕਾਲੀਨ ਰਹੱਸਵਾਦੀ ਕਾਵਿ ਦੀ ਇਕ ਵਿਸ਼ਸ਼ੇਤਾ ਇਹ ਹੈ ਕਿ ਇਹ ਵਧੇਰੇ ਰਾਗ ਵਿਚ ਹੀ ਭਾਂਵੇਂ ਇਹ ਭਗਤੀ-ਬਾਣੀ ਹੈ ਭਾਵੇਂ ਗੁਰੂ-ਬਾਣੀ ਜਾਂ ਸੰਤਬਾਣੀ। ਭਗਤੀ ਅਹਿਰ ਸਮੇਂ ਜਿਨ੍ਹਾਂ ਸੰਤਾਂ ਭਗਤਾਂ ਨੇ ਰੂਹਾਨੀ ਗੀਤ ਗਾਏ, ਉਨ੍ਹਾਂ ਸਾਰਿਆਂ ਹੀ ਆਪਣੇ ਪਦਿਆਂ ਉਤੇ ਰਾਗ, ਤਾਲ

ਦੇ ਸੰਕੇਤ ਹਨ। ਨਿਰਗੁਣਵਾਦੀ ਸੰਤ ਕਵੀਆਂ ਦੇ ਸਾਰੇ ਭਜਨ ਰਾਗਾਂ, ਤਾਲਾਂ ਨਾਲ ਸਜੇ ਹੋਏ ਹਨ, ਇਸੇ ਤਰ੍ਹਾਂ ਤੁਲਸੀ, ਸੂਰਦਾਸ, ਮੀਰਾਂ ਬਾਈ ਤੇ ਦਾਦੂ ਦਯਾਲ ਤਕ ਦੇ ਗੀਤਾਂ ਉਤੇ ਇਸੇ ਤਰ੍ਹਾਂ ਹੈ। ਇਸ ਤੋਂ ਪ੍ਰਗਟ ਹੈ ਕਿ ਉਸ ਸਮੇਂ ਦੇ ਸੰਤ ਕਵੀ, ਸੰਗੀਤ ਕਲਾ ਤੋਂ ਚੰਗੀ ਤਰ੍ਹਾਂ ਜਾਣੂ ਸਨ ਤੇ ਉਹ ਆਪਣੀ ਰਚਨਾਂ ਦੇ ਵਿਸ਼ੇ ਵਸਤੂ ਅਨੁਸਾਰ ਸੰਗੀਤਕ ਧਾਰਨਾਂ ਦਾ ਆਸਰਾ ਲੈਂਦੇ ਸਨ। ਜੇਕਰ ਪੜਤਾਲ ਕੀਤੀ ਜਾਵੇ ਤਾਂ ਇਸ ਪਰੰਪਰਾ ਦੇ ਕਾਫੀ ਪੁਰਾਣੇ ਚਿੰਨ੍ਹ ਮਿਲਦੇ ਹਨ। ਰਿਗ ਵੇਦ ਦੇ ਮੰਤ੍ਰਾਂ ਨੂੰ ਜਦੋਂ ਗਾਉਣ-ਸੰਕੇਤਾਂ ਨਾਲ ਪੇਸ਼ ਕੀਤਾ ਗਿਆ ਤਾਂ ਉਹੋ 'ਸਾਮ ਵੇਦ' ਕਹਿਲਾਇਆ। ਵੈਦਿਕ ਰਿਸ਼ੀ ਗਾ ਗਾ ਕੇ ਹੀ ਮੰਤ੍ਰ ਉਚਾਰਦੇ ਸਨ। ਬੋਧੀ ਕਵੀ ਅਸ੍ਵਘੋਸ਼ ਬਾਰੇ ਪ੍ਰਸਿੱਧ ਹੈ ਕਿ ਉਹ ਆਪਣੇ ਨਾਲ ਸੰਗੀਤ ਮੰਡਲੀ ਰੱਖਦਾ ਸੀ ਤੇ ਗਾ ਗਾ ਕੇ ਹੀ ਬੋਧੀ ਵਿਚਾਰਾਂ ਦਾ ਪ੍ਰਚਾਰ ਕਰਦਾ ਸੀ। ਇਸ ਤੋਂ ਬਾਦ ਅੱਠਵੀਂ, ਨੌਵੀਂ ਦਸਵੀਂ ਸਦੀ ਦੀ ਲਿਖੀ ਜੋ ਸਿੱਧਾਂ ਦੀ ਬਾਣੀ ਮਿਲਦੀ ਹੈ, ਉਸ ਉਤੇ ਵੀ ਰਾਗਾਂ ਦੇ ਸਿਰਲੇਖ ਦਿਤੇ ਗਏ ਹਨ। ਤੇਰ੍ਹਵੀਂ ਸਦੀ ਦੇ ਕਾਵਿ ਜੈਦੇਵ ਦੇ ਸੰਸਕ੍ਰਿਤ ਕਾਵਿ 'ਗੀਤ ਗੋਵਿੰਦ' ਵੀ ਅਜੇਹੇ ਰਾਗਾਂ ਦੇ ਸਿਰਲੇਖਾਂ ਨਾਲ ਸੁਸ਼ੋਭਿਤ ਹੈ। ਜ਼ਾਹਰ ਹੈ ਕਿ ਭਗਤੀ ਲਹਿਰ ਤੋਂ ਪਹਿਲਾਂ ਵੀ ਰਾਗ-ਸੰਕੇਤ ਦੇਣ ਦਾ ਆਮ ਰਿਵਾਜ ਸੀ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਰਾਗਾਂ ਵਿਚ ਲਿਖੀ ਗਈ ਤੇ ਇਸ ਤੋਂ ਇਲਾਵਾ ਸਾਰੀ ਬਾਣੀ ਦਾ ਸੰਪਾਦਨ ਕਰਨੇ ਸਮੇਂ ਵੀ ਰਾਗ ਨੂੰ ਹੀ ਮੁੱਖ ਰਖਿਆ ਗਿਆ।

ਇਹ ਇਕ ਇਤਿਹਾਸਕ ਹਕੀਕਤ ਹੈ ਕਿ ਇਸ ਸਮੇਂ ਸਾਰਾ ਧਾਰਮਿਕ ਮੰਡਲ, ਰੂਹਾਨੀ ਸੰਗੀਤ ਨਾਲ ਗੂੰਜਾਇਮਾਨ ਸੀ, ਸਾਰੇ ਮੰਦਰਾਂ, ਮਸਜਿਦਾਂ, ਦਰਗਾਹਾਂ, ਡੇਰਿਆਂ ਤੇ ਹੋਰ ਧਰਮ-ਸਥਾਂਨਾਂ ਵਿਚ ਕੀਰਤਨ ਤੇ ਭਜਨ ਸੁਣਾਈ ਦਿੰਦੇ ਸਨ। ਵੈਸ਼ਣਵ ਭਗਤ ਭਜਨ ਗਾਉਂਦੇ, ਸੂਫੀ ਫਕੀਰ ਕੱਵਾਲੀਆਂ ਛੇੜਦੇ ਤੇ ਸਿੱਖ ਸ਼ਬਦ-ਕੀਰਤਨ ਕਰਦੇ ਸਨ। ਇਸ ਤਰ੍ਹਾਂ ਰਾਜ ਦਰਬਾਰਾਂ ਵਿਚ ਵੀ ਸੰਗੀਤ ਦੀ ਬਹੁਤ ਚੜ੍ਹਤ ਸੀ, ਅਕਬਰ ਦਾ ਦਰਬਾਰ ਇਸ ਪੱਖੋਂ ਵਿਸ਼ੇਸ਼ ਦਰਜੇ ਦਾ ਮਾਲਕ ਸੀ ਜਿਥੇ ਕਿ ਤਾਨਸੈਨ ਤੇ ਬਿਜੂ ਬਾਵਰੇ ਵਰਗੇ ਗਵੱਈਏ ਵਚਿਤ੍ਰ ਸੰਗੀਤ ਕਲਾ ਨਾਲ ਸਾਰੇ ਅਮੀਰਾਂ ਵਜ਼ੀਰਾਂ ਦਾ ਮਨ ਮੋਹ ਲੈਂਦੇ ਸਨ। ਇਸ ਦਰਬਾਰੀ ਸਗੀਤ ਤੇ ਸੰਤ ਸੰਗੀਤ ਵਿਚ ਅੰਤਰ ਇਤਨਾ ਹੀ ਸੀ ਕਿ ਦੋਹਾਂ ਦਾ ਵਿਸ਼ਾ-ਵਸਤੂ ਭਿੰਨ-ਭਿੰਨ ਸੀ। ਦਰਬਾਰੀ ਸੰਗੀਤ ਕੇਵਲ ਮਾਨਸਿਕ ਬਿਲਾਸ ਯਾਤਰਾ ਸੀ ਤੇ ਸੰਤ-ਸੰਗੀਤ ਜ਼ਿੰਦਗੀ ਨੂੰ ਪਰਮਾਰਥਕ ਆਦਰਸ਼ ਦ੍ਰਿੜ ਕਰਾਉਂਦਾ ਸੀ। ਦੂਸਰੇ, ਦਰਬਾਰੀ ਸੰਗੀਤ ਵਧੇਰੇ ਸ਼ਾਸਤ੍ਰੀ ਤਕਨੀਕ ਤਕ ਮਹਿਦੂਦ ਸੀ ਤੇ ਸਤ ਸੰਗੀਤ ਨੇ ਲੋਕ ਸੰਗੀਤ ਦਾ ਸੁਜਿੰਦ ਭਾਗ ਲੈ ਕੇ ਆਪਣੇ ਭਜਨ ਕੀਰਤਨ ਨੂੰ ਵਧੇਰੇ ਲੋਕ-ਪ੍ਰਿਯ ਬਣਾ ਲਿਆ ਸੀ।

## ਸਿੱਖ ਸੰਗੀਤ ਪਰੰਪਰਾ

ਸਿੱਖ ਕੀਰਤਨ ਸਾਧਨ ਮਾਤ੍ਰ ਨਹੀਂ ਸੀ, ਸਗੋਂ ਜੀਵਨ ਦਾ ਧਰਮ ਬਣ ਗਿਆ ਸੀ। ਫਿਰ ਇਸ ਵਿਚ ਕੇਵਲ ਸਿਫਤ ਸਲਾਹ ਨੂੰ ਹੀ ਮਾਨ ਯੋਗ ਥਾਂ ਪ੍ਰਾਪਤ ਸੀ, ਹੋਰ ਵਿਅਕਤੀ ਨੂੰ ਨਹੀਂ, ਜਿਵੇਂ ਕਿ ਵੈਸ਼ਣਵ ਮੰਡਲੀਆਂ ਵਿਚ ਸੀ। ਇਸੇ ਤਰ੍ਹਾਂ ਸ਼ਾਸਤ੍ਰੀ ਸੰਗੀਤ ਤੇ ਲੋਕ-ਸੰਗੀਤ ਸੁਮੇਲ ਨੇ ਇਸ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਇਆ ਤੇ ਹੌਲੀ-ਹੌਲੀ ਇਸ ਦੀ ਰਾਗਤਾਮਕ ਪਰੰਪਰਾ ਬਲਵਾਨ ਹੁੰਦੀ ਗਈ।

ਗੁਰੂ ਨਾਨਕ ਸਾਹਿਬ ਦੇ 19 ਰਾਗ ਵਰਤੇ, ਗੁਰੂ ਅਮਰਦਾਸ ਨੇ 17, ਗੁਰੂ ਰਾਮਦਾਸ ਨੇ ਜੈਜਾਵੰਤੀ ਤੇ ਕੇਦਾਰਾ ਛਡ ਕੇ 29 ਰਾਗ ਪ੍ਰਯੋਗ ਵਿਚ ਲਿਆਂਦੇ ਤੇ ਗੁਰੂ ਅਰਜਨ ਸਾਹਿਬ ਨੇ 30। ਗੁਰੂ ਤੇਗ ਬਹਾਦੁਰ ਸਾਹਿਬ ਦੀ ਬਾਣੀ 15 ਰਾਗਾਂ ਵਿਚ ਹੈ। ਇਸੇ ਤਰ੍ਹਾਂ ਕਬੀਰ ਨੇ 17 ਨਾਮਦੇਵ ਨੇ 18 ਤੇ ਰਵਿਦਾਸ ਨੇ 16 ਰਾਗ ਵਰਤੇ ਹਨ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੁਲ 31 ਰਾਗ ਆਏ ਹਨ :

ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਦੇਵਗੰਧਾਰੀ, ਬਿਹਾਗੜਾ, ਵਡਹੰਸ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲ, ਗੌਂਡ, ਰਾਮਕਲੀ, ਨਟ, ਮਾਲੀ ਗਉੜਾ, ਮਾਰੂ ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰੰਗ, ਕਾਨੜਾ, ਮਲਾਰ, ਕਲਿਆਨ, ਪ੍ਰਭਾਤੀ ਤੇ ਜੈਜਾਵੰਤੀ, ਸਾਡਾ ਇਹ ਸੰਖਿਆ ਦੱਸਣ ਦਾ ਭਾਵ ਇਤਨਾ ਹੀ ਹੈ ਕਿ ਉਸ ਸਮੇਂ ਇਤਨੇ ਭਿੰਨ ਭਿੰਨ ਕਿਸਮ ਦੇ ਰਾਗ ਆਮ ਗਾਏ ਜਾਂਦੇ ਸਨ। ਇਨ੍ਹਾਂ ਵਿਚ ਅੱਗੇ ਦੱਖਣੀ ਤੇ ਪੂਰਬੀ ਦਾ ਵੀ ਭੇਦ ਸੀ, ਫਿਰ ਇਤਨੀ ਬਾਣੀ ਵਿਚ ਏਸ ਕਿਸਮ ਦੀ ਵਿਵਿਧਤਾ ਤੋਂ ਪਤਾ ਲੱਗਦਾ ਹੈ ਕਿ ਘਰ ਤਾਲ ਵੀ ਭਿੰਨ ਭਿੰਨ ਤਰ੍ਹਾਂ ਦੇ ਵਰਤੇ ਜਾਂਦੇ ਸਨ। ਹਰ ਗੀਤ ਵਿਚ 'ਰਹਾਉ' ਦੱਸਣਾ ਜ਼ਰੂਰੀ ਸੀ, ਪੜਤਾਲ ਦੇ ਸੰਕੇਤ ਤੋਂ ਜ਼ਾਹਰ ਹੈ ਕਿ ਇਕੋ ਭਜਨ ਦੀ ਗਵੈਸ਼ ਕਈ ਤਾਲ ਬਦਲ ਕੇ ਵੀ ਕੀਤੀ ਜਾਂਦੀ ਸੀ।

ਇਸ ਤੋਂ ਇਲਾਵਾ ਜਿਥੋਂ ਤਕ ਸਾਜ਼ਾਂ ਦਾ ਸੰਬੰਧ ਹੈ, ਉਹ ਭਗਤੀ ਲਹਿਰ ਸਮੇਂ ਅਨੇਕ ਕਿਸਮ ਦੇ ਸਨ-ਰਬਾਬ, ਮ੍ਰਿਦੰਗ, ਝਾਂਜ, ਕਿੰਨਰੀ, ਸਰੋਦ, ਵੀਣਾ, ਸੰਖ, ਭੇਰੀ, ਸ਼ਹਿਨਾਈ, ਤੁਰੀ, ਸਾਰੰਗੀ, ਨਿਸ਼ਾਨ, ਚੰਗ, ਤੂੰਜ, ਮੁਰਜ, ਡਫ, ਪਨਾ, ਮੰਜੀਰ, ਢੋਲਕ, ਡਮਰੂ, ਢੱਡ, ਡਿਮਡਿਮ, ਖੜਤਾਲ, ਛੈਣੇ, ਟੱਲੀਆਂ ਆਦਿ, ਲੇਕਿਨ ਸਿੱਖ ਸੰਗੀਤ ਪਰੰਪਰਾ ਵਿਚ ਰਬਾਬ, ਮ੍ਰਿਦੰਗ ਪਖਾਵਜ ਆਦਿ ਦਾ ਹੀ ਚਰਚਾ ਆਇਆ ਹੈ। ਜਦੋਂ ਭਾਈ ਗੁਰਦਾਸ ਨੇ ਗੁਰੂ ਨਾਨਕ ਸਾਹਿਬ ਦੀ ਮਹਿਮਾ ਫੈਲਣ ਅਤੇ ਕੀਰਤਨ ਦਾ ਆਖੰਡ ਪ੍ਰਵਾਹ ਚਲਣ ਦਾ ਜ਼ਿਕਰ ਕੀਤਾ ਹੈ। ਤਾਂ ਸਾਫ ਲਿਖਿਆ ਹੈ :-

*ਘਰਿ ਘਰਿ ਬਾਬਾ ਗਾਵੀਐ, ਵਜਨਿ ਤਾਲ ਮ੍ਰਿਦੰਗ ਰਬਾਬਾ।*

ਰਬਾਬ ਪੁਰਾਣਾ ਸਾਜ ਹੈ ਜਿਸਦਾ ਜ਼ਿਕਰ 'ਆਇਨ ਅਕਬਰੀ' ਵੀ ਆਇਆ ਹੈ। ਇਸਦੀ ਕਾਢ ਸਿਕੰਦਰੁਲ ਜੁਨੈਨ ਨੇ ਕੱਢੀ ਸੀ। ਸਰਹੱਦ ਵਿਚ ਇਸਦੀ ਹੁਣ ਵੀ ਵਿਰਤੋਂ ਹੈ, ਪਠਾਣ ਗਵੱਈਏ ਇਸਨੂੰ ਸ਼ੌਕ ਨਾਲ ਵਜਾਉਂਦੇ ਹਨ। ਸਿੱਖ ਲਿਖਤਾਂ ਤੋਂ ਪਤਾ ਲਗਦਾ ਹੈ ਕਿ ਭਾਈ ਮਰਦਾਨਾ ਰਬਾਬ

ਵਜਾਉਣ ਵਿਚ ਚੰਗਾ ਪ੍ਰਬੀਨ ਸੀ ਜੈਸਾ ਕਿ ਲਿਖਿਆ ਹੈ :

1. *ਭਲਾ ਰਬਾਬ ਵਜਾਇੰਦਾ ਮਜਲਸ ਮਰਦਾਨਾ ਮੀਰਾਸੀ।*

2. *ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ ॥*

**ਵਾਰਾਂ ਭਾਈ ਗੁਰਦਾਸ**

ਗੁਰੂਆਂ ਦੇ ਦਰਬਾਰੀ ਰਬਾਬੀ ਤੇ ਹੋਰ ਸਿੱਖ ਗਵਈ ਸੰਗੀਤ ਕਲਾ ਵਿਚ ਭਲੀ ਭਾਂਤ ਨਿਪੁੰਨ ਸਨ। ਉਹ ਰਾਗ ਵਿੱਦਿਆ ਨੂੰ ਕੇਵਲ ਗੁਰਬਾਣੀ-ਗਾਇਨ ਲਈ ਪ੍ਰਯੋਗ ਵਿਚ ਲਿਆਉਂਦੇ ਸਨ ਤੇ ਹੋਰ ਵਰਤੋਂ ਨੂੰ ਉਚਿਤ ਨਹੀਂ ਸਨ ਮੰਨਦੇ :

*ਗਾਵਿਨ ਗੋਪੀਆਂ ਗਾਵਿਨ ਕਾਨ੍ਹ। ਗਾਵਿਨ ਸੀਤਾ ਰਾਜੇ ਰਾਮ ।* **(ਵਾਰ ਆਸਾ)**

*'ਗਾਵਿਹ ਗੀਤੇ ਚੀਤ ਅਨੀਤੇ। ਰਾਗ ਸੁਣਾਵਹਿ ਕਹਾਵਹਿ ਬੀਤੇ।*
*ਬਿਨ ਨਾਵੈ ਮਨਿ ਝੂਠੁ ਅਨੀਤੇ ।'* **(ਆਸਾ)**

ਸੰਗੀਤ ਦੁਆਰਾ ਪ੍ਰਭੂ ਜਸ ਗਾਵਣਾ ਹੀ ਕੀਰਤਨ ਹੈ, ਇਹ ਪੱਕੇ ਰਾਗ ਵਿਚ ਵੀ ਹੋ ਸਕਦਾ ਹੈ ਤੇ ਲੋਕ-ਤਰਜ਼ ਵਿਚ ਵੀ। ਗੁਰੂ ਸਾਹਿਬ ਦੀ ਹਦਾਇਤ ਹੈ :

*ਗੁਣ ਗੋਵਿੰਦ ਗਾਵਹੁ ਸਭ ਹਰਿਜਨ ਰਾਗ ਰਤਨ ਰਸਨਾ ਅਲਾਪ ।* **(ਬਿਲਾਵਲ 4)**

ਰਾਗਾਂ ਵਿਚ ਹਰਿਜਸ ਗਾਉਣ ਦੀ ਉਚੇਚੀ ਤਾਕੀਦ ਦਸਦੀ ਹੈ ਕਿ ਗੁਰੂ ਸਾਹਿਬਾਨ ਦੀ ਦ੍ਰਿਸ਼ਟੀ ਵਿਚ ਰਾਗਾਂ ਦਾ ਕੀ ਮਹੱਤਵ ਸੀ ਤੇ ਜ਼ਿੰਦਗੀ ਲਈ ਇਨ੍ਹਾਂ ਦੀ ਕਿਤਨੀ ਸਾਰਥਿਕਤਾ ਸੀ। ਗੁਰੂ ਖੁਦ ਕੀਰਤਨ ਕਰਦੇ ਰਹੇ ਤੇ ਸਾਥ ਲਈ ਚੰਗੇ ਵਜੰਤ੍ਰੀ ਰੱਖਣੇ ਉਨ੍ਹਾਂ ਦਾ ਮਨਭਾਉਂਦਾ ਸ਼ੌਕ ਸੀ। ਭਾਈ ਮਰਦਾਨਾ, ਰਾਇ ਬਲਵੰਡ, ਹਰੀ ਰਾਮ, ਗੁਰਸਰਨ ਸਾਹਿਬਰਾਮ ਤੇ ਹੋਰਅਨੇਕਾਂ ਰਾਗੀ ਰਬਾਬੀ ਸੇਵਾ ਨਿਭਾਉਂਦੇ ਰਹੇ। ਗੁਰੂ ਅਰਜਨ ਸਰੰਦੇ ਦੇ ਖਾਸ ਸ਼ੌਕੀਨ ਸਨ ਤੇ ਉਨ੍ਹਾਂ ਸਿੱਖਾਂ ਨੂੰ ਸੰਗੀਤ ਵਿਦਿਆ ਵਿਚ ਨਿਪੁੰਨਤਾ ਪ੍ਰਾਪਤ ਕਰਨ ਦੀ ਭਰਪੂਰ ਪ੍ਰੇਰਨਾ ਦਿਤੀ ਤੇ ਉਹ ਵੀ ਰਬਾਬ ਤੇ ਮ੍ਰਿਦੰਗ ਵਜਾਉਣ ਵਿਚ ਮੁਹਾਰਤ ਹਾਸਲ ਕਰਦੇ ਗਏ :-

*ਗੁਰਮੁਖਿ ਹਥ ਸਕਥ ਹਨ, ਤਾਲ ਮ੍ਰਿਦੰਗ ਰਬਾਬ ਵਜਾਵੈ।*
**(ਵਾਰ ਭਾਈ ਗੁਰਦਾਸ)**

ਸਿੱਖ ਸੰਗੀਤ ਦੇ ਇਸ ਅਮੀਰ ਵਿਰਸੇ ਦਾ ਹੀ ਸਿੱਟਾ ਸੀ ਕਿ ਮਹੰਤ ਗੱਜਾ ਸਿੰਘ, ਭਾਈ ਦੇਸਾ , ਭਾ. ਲਾਲ, ਭਾ. ਫੱਤੂ, ਭਾ. ਚਾਂਦ, ਮਾਸਟਰ ਨੱਥੂਰਾਮ, ਭਾ. ਹੀਰਾ ਸਿੰਘ, ਸੰਤ ਜਵਲਾ ਸਿੰਘ, ਭਾ. ਸਮੁੰਦ ਸਿੰਘ, ਭਾ. ਸੁਰਜਨ ਸਿੰਘ, ਭਾ. ਸੰਤਾ ਸਿੰਘ, ਗਿਆਨ ਸਿੰਘ ਅਲਮਸਤ, ਬੁਧ ਸਿੰਘ ਤਾਨ, ਦਲੀਪ ਚੰਦ ਬੇਦੀ, ਭਾਈ ਸੁਧ ਸਿੰਘ, ਭਾ. ਪ੍ਰਧਾਨ ਸਿੰਘ, ਭਾ. ਮਹਿਤਾਬ ਸਿੰਘ, ਭਾ. ਦੇਵਿੰਦ ਸਿੰਘ, ਭਾ. ਪੂਰਨ ਸਿੰਘ, ਭਾਈ ਖੜਕ ਸਿੰਘ, ਭਾਈ ਬਲਬੀਰ ਸਿੰਘ, ਰਾਗੀ ਦਰਸ਼ਨ ਸਿੰਘ, ਭਾਈ ਬਖਸ਼ੀਸ਼ ਸਿੰਘ, ਪ੍ਰੋ. ਸੋਹਨ ਸਿੰਘ, ਪ੍ਰੋ. ਤਾਰਾ ਸਿੰਘ ਆਦਿ ਪ੍ਰਸਿੱਧ ਵਿਅਕਤੀ ਇਸ ਖੇਤਰ ਹੀ ਸੀ ਸਿੱਖ ਚੰਗਾ ਕੀਰਤਨ ਕਰਕੇ ਆਪਣੇ ਮਨ ਦੇ ਸਾਜ਼ ਨੂੰ ਸੁਰ ਕਰ ਸਕਣ। ਇਸ ਕਰਕੇ ਗੁਰਮਤਿ ਵਿਚ ਕੀਰਤਨ ਨੂੰ ਪ੍ਰਮੁੱਖ ਧਰਮ ਕਰਾਰ ਦਿਤਾ ਗਿਆ ਤੇ ਥਾਂ-ਥਾਂ ਕੀਰਤਨ ਕਰਨ ਉੱਤੇ ਜ਼ੋਰ ਹੈ :-

*ਜੋ ਜਨੁ ਕਰੈ ਕੀਰਤਨ ਗੋਪਾਲ। ਤਿਸ ਕਉ ਪੋਹਿ ਨ ਸਕੈ ਜਮਕਾਲ ।* **(ਗੋਂਡ)**

*'ਹਰਿ ਕੀਰਤ ਸਾਧ ਸੰਗਤਿ ਹੈ, ਸਿਰ ਕਰਮਨ ਕੇ ਕਰਮਾ ।*
*ਕਹੁ ਨਾਨਕ ਤਿਸ ਭਇਓ ਪ੍ਰਾਪਤ, ਜਿਸ ਪੁਰਬ ਲਿਖੇ ਕਾ ਲਹਣਾ।*
**(ਸੋਰਠਿ 5)**

*ਕੀਰਤਨ ਨਿਰਮੋਲਕੁ ਹੀਰਾ ਆਨੰਦ ਗੁਣੀ ਗਹੀਰਾ ।*
**(ਗਉੜੀ 5)**

*ਨਾਨਕ ਕਹੈ ਸੁਨਿ ਰੇ ਮਨਾ ਕੀਰਤਨ ਹੋਇਆ ਉਧਾਰ ।*
**(ਗਉੜੀ ਮਾਲਵਾ 5)**

ਇਸ ਕੀਰਤਨ-ਮਹਿਮਾ ਨੂੰ ਵਰਣਨ ਕਰਦਿਆਂ ਕਈ ਥਾਂ ਕਈ ਰਾਗਾਂ ਦੇ ਉਚੇਚੇ ਨਾਂ ਲੈ ਕੇ ਉਨ੍ਹਾਂ ਦੀ ਵਡਿਆਈ ਕੀਤੀ ਗਈ ਹੈ ਪਰ ਗੁਰੂ ਸਾਹਿਬ ਮਾਤ੍ਰ ਨਾਲ ਸੰਤੁਸ਼ਟ ਨਹੀਂ ਨਾਲ ਉਹ ਗਾਇਨ ਦੇ ਵਿਸ਼ੇ, ਰੱਬੀ ਸਲਾਹ ਉਤੇ ਬਹੁਤਾ ਜ਼ੋਰ ਦਿੰਦੇ ਹਨ :-

*ਸੋਰਿਠ ਸਦਾ ਸੁਹਾਵਣੀ, ਜੋ ਸਚਾ ਮਨਿ ਹੋਇ*
**(ਵਾਰ ਸੋਰਠਿ 1)**

*ਰਾਗਾਂ ਵਿਚ ਸਿਰੀ ਰਾਗ ਹੈ ਜੇ ਸਚਿ ਧਰੇ ਪਿਆਰੁ।*
**(ਵਾਰ ਸਿਰੀ 3)**

*ਬਿਲਾਵਲੁ ਤਬ ਹੀ ਕੀਜੀਐ, ਜਬ ਮੁਖਿ ਹੋਵੈ ਨਾਮੁ।*
**(ਵਾਰ ਬਿਲਾਵਲ 3)**

*ਗਉੜ ਰਾਗ ਸੁਲਖਣੀ, ਜੋ ਖਸਮੈ ਚਿਤਿ ਕਰੇਇ ।*
**(ਵਾਰ ਗਉੜੀ 4)**

*ਗਾਵਿਣ ਗਾਵਹਿ ਜਿਨ ਨਾਮ ਪਿਆਰੁ। ਸਾਚੀ ਬਾਣੀ ਸ਼ਬਦੁ ਬੀਗਾਰੁ ।*
**(ਗਉੜੀ 3)**

ਗੁਰੂ ਸਾਹਿਬ ਦਾ ਦ੍ਰਿਸ਼ਟੀਕੋਣ ਸਪਸ਼ਟ ਹੈ ਕਿ ਉਹ ਜੀਵਨ ਦਾ ਵਿਕਾਸ ਮੁਖ ਮੰਨਦੇ ਹਨ ਤੇ ਸੰਗੀਤ ਨੂੰ ਕੇਵਲ ਉਸ ਵਿਕਾਸ ਦੀ ਉਸਾਰੀ ਵਿਚ ਸਹਾਇਕ ਸਾਧਨ ਬਣਾਉਂਦੇ ਹਨ, ਨਿਰਾ ਬਿਲਾਸ ਮਾਤ੍ਰ ਲਈ ਨਹੀਂ।

ਧਾਰਮਿਕ ਖੇਤਰ ਵਿਚ ਸੰਗੀਤ ਦਾ ਮਹੱਤਵ ਇਸ ਤਰ੍ਹਾਂ ਕਿਉਂ ਬਣਿਆ ? ਇਸ ਬਾਰੇ ਥੋੜਾ ਜੇਹਾ ਵਿਚਾਰ ਕਰਨਾ ਜ਼ਰੂਰੀ ਹੈ ਕਿਉਂਕਿ ਕੀਰਤਨ ਦਾ ਇਸ ਰਾਗਤਮਕਤਾ ਨਾਲ ਘਣਾ ਸਬੰਧ ਹੈ।

ਮਨੁੱਖ ਭਾਵ ਪ੍ਰਾਣੀ ਹੈ, ਗਿਆਨਵੰਤ ਹੋਣ ਦੇ ਬਾਵਜੂਦ ਵੀ ਇਹ ਭਾਵਾਂ ਦੇ ਪ੍ਰਵਾਹ ਹੇਠ ਵਹਿ ਕੇ ਚਲਦਾ ਹੈ, ਗਿਆਨ ਨੂੰ ਪਹਿਲਾ ਦਰਜਾ ਨਹੀਂ ਮਿਲਦਾ, ਭਾਵਾਂ ਤੇ ਉਪਭਾਵਾਂ ਦਾ

ਵੇਗ ਇਸ ਨੂੰ ਦੂਜੇ ਦਰਜੇ ਤੇ ਜਾ ਖੜਾ ਕਰਦਾ ਹੈ। ਮੌਜੂਦਾ ਮਨੋਵਿਗਿਆਨ ਵੀ ਇਹੋ ਮੰਨਦਾ ਹੈ ਕਿ ਮਨੁੱਖੀ ਮਨ ਜਜ਼ਬਿਆਂ ਦੇ ਵਹਿਣ ਵਿਚ ਵਹਿ ਕੇ ਅਮਲ ਕਰਦਾ ਹੈ, ਨਿਰਾ ਗਿਆਨ ਆਸਰੇ ਨਹੀਂ ਚਲਦਾ। ਜੇ ਇਹ ਨਿਰੋਲ ਗਿਆਨ ਦੀ ਅਗਵਾਈ ਵਿਚ ਹੀ ਚਲੇ ਤਾਂ ਸ਼ਾਇਦ ਕੋਈ ਭੁੱਲਾ ਨਾ ਹੀ ਹੋਵੇ ਪਰ ਐਸਾ ਹੁੰਦਾ ਨਹੀਂ ਕਿਉਂਕਿ ਮਨ, ਸੁਭਾਉ ਅਨੁਸਾਰ ਪੱਕੇ ਸੰਸਕਾਰਾਂ ਦੀ ਲੀਹ ਵਿਚ ਤੁਰਦਾ ਰਹਿੰਦਾ ਹੈ। ਸੋ ਲੋੜ ਹੈ ਇਸ ਭਾਵਕ ਵਹਿਣ ਦਾ ਰੁਖ ਮੋੜਨ ਲਈ ਮਨੋਭਾਵਾਂ ਨੂੰ ਪ੍ਰਭਾਵਿਤ ਕੀਤਾ ਜਾਵੇ। ਇਹ ਮਨੋਭਾਵ ਅਧਿਆਤਮਕ ਸੰਗੀਤ ਰਾਹੀਂ ਵਧੇਰੇ ਪ੍ਰਬਲਤਾ ਨਾਲ ਪਰਿਵਰਤਿਤ ਕੀਤੇ ਜਾ ਸਕਦੇ ਹਨ। ਭਗਤੀ ਲਹਿਰ ਦਾ ਇਹ ਇਕ ਵੱਡਾ ਸਫਲ ਤਜਰਬਾ ਸੀ ਜਿਸ ਨੂੰ ਗੁਰੂਆਂ ਨੇ ਸਵੀਕਾਰ ਕੀਤਾ ਕੇ ਕੀਰਤਨ ਨੂੰ ਧਰਮ ਦਾ ਮੁੱਖ ਮਾਧਿਅਮ ਬਣਾਇਆ। ਦੂਜੇ, ਇਹ ਵੀ ਗੱਲ ਹੈ ਕਿ ਹਰ ਸਾਧਕ ਆਪਣੇ ਇਸ਼ਟ ਦਾ ਆਦਰਸ਼ ਸਨਮੁਖ ਰਖਦਾ ਹੈ, ਉਸ ਵਰਗਾ ਬਣਨਾ ਚਾਹੁੰਦਾ ਹੈ। ਇਸ ਦਾ ਵਧੀਆ ਤਰੀਕਾ ਇਹੋ ਹੈ ਕਿ ਉਸਦੇ ਗੁਣ ਧਾਰੇ ਜਾਣ। ਕੀਰਤਨ ਨਾਲ ਇਹ ਗੁਣ ਪ੍ਰਤੱਖ ਹੁੰਦੇ ਤੇ ਅੰਦਰ ਵਸਦੇ ਹਨ। ਇਸ ਤਰ੍ਹਾਂ ਕੀਰਤਨ ਦਾ ਰਾਸਾਇਣ ਮਨੁੱਖਾਂ ਦਾ ਕਾਇਆ-ਕਲਪ ਕਰਦੀ ਆਈ ਹੈ। ਤੀਜੇ, ਕੀਰਤਨ ਦੀ ਗੁਜਾਂਰ ਅਜੇਹੇ ਰੂਹਾਨੀ ਵਾਤਾਵਰਣ ਦੀ ਸਾਜਨਾ ਕਰਦੀ ਹੈ ਜਿਸ ਦੁਆਰਾ ਰੂਹ ਆਪਣੇ ਆਪ ਪਰਮੇਸਰ ਨਾਲ ਜੋੜ ਜਾਂਦੀ ਹੈ ਤੇ ਵਾਧੂ ਖਿਆਲ ਆਪਣੇ ਆਪ ਛਾਂਵੀ-ਮਾਂਈ ਹੋ ਜਾਂਦੇ ਹਨ। ਜੇ ਸੱਚ ਪੁੱਛੋ ਸਿੱਖਾਂ ਨੇ ਜੀਵਨ ਦਾ ਢੰਗ ਅਤੇ ਉਚੇ ਆਦਰਸ਼ਾਂ ਲਈ ਮਰਨ ਦਾ ਢੰਗ ਕਿਸੇ ਕੀਰਤਨ ਦੇ ਪ੍ਰਭਾਵਿ ਤੋਂ ਗ੍ਰਹਿਣ ਕੀਤਾ ਹੈ। ਇਸੇ ਅਸਰ ਤੋਂ ਪ੍ਰੇਰਿਤ ਹੋ ਕੇ ਮੁਨਸ਼ੀ ਸੁਜਾਨ ਰਾਇ ਭੰਡਾਰੀ (1696) ਲਿਖਦਾ ਹੈ :

"ਅਲ-ਕਿੱਸਾ ਅਜ਼ ਮੁਰੀਦਾਨਿ ਵ ਮੁਅਤਕਿਦਾਨਿ ਬਾਬਾ ਨਾਨਕ ਅਕਸਰਿ ਸਾਹਿਬਿ ਹਾਲ ਵ ਮਕਬੂਲ ਲ ਮਕਾਲ ਵ ਅਹਿਲ ਰਯਾਜ਼ਾਤ ਵ ਮੁਅਤਜਾਬੁਲ ਦਾਅਵਾਤ ਮੇਬਾਸ਼ੰਦ ਖੁਲਾਸਾਇ ਇਬਾਦਤਿ ਈਂ ਤਾਇਫਾ ਮੁਤਾਲਤਿ ਅਸ਼ਆਰਿ ਮੁਰਸ਼ਦਿ ਖੇਸ਼ ਅਸਤ ਕਿ ਬ ਸਰੋਦੇ ਨਗਮਾ ਮੇਗੋਯੰਦ ਵ ਜ਼ਮਜ਼ਮਾਇ ਦਿਲ-ਫਰੇਬ ਮੇਸਰਾਯੰਦ, ਅਕਸਰ ਕਦੂਰਤਿ ਅਲਾਇਕ ਅਜ਼ ਖਾਤਰ ਜ਼ਾਇਲ ਸਾਖਤਾ, ਵ ਪਰਦਾਇ ਜ਼ੁਲਾਮ ਅਵਾਇਕ ਅਜ਼ ਦਿਲਬਰ ਅੰਦਾ ਖ਼ਤਾ ਅੰਦ। ਖੇਸ਼ੋ ਬੇਗਾਨ ਦਰ ਏਸ਼ਾਂ ਯਕਸਾਂ, ਵ ਦੋਸਤੋ ਦੁਸ਼ਮਨ ਨਿਜ਼ਦਿ ਸ਼ਾਂ ਬਰਾਬਰ, ਬ ਦੋਸਤਾਂ ਯਕ ਰੰਗ ਬਦੁਸ਼ਮਨਾਂ ਬੇਜੰਗ ਜ਼ਮੀਤ ਮੇਕੁਨੰਦ।"

(ਖੁਲਾਸਤੁਤ੍ਵਾਰੀਖ, ਪੰਨਾ 69-70)

'ਮੁੱਕਦੀ ਗੱਲ ਬਾਬਾ ਨਾਨਕ ਤੇ ਬਹੁਤ ਸਾਰੇ ਸ਼ਰਧਾਲੂ ਸਿੱਖ ਸੇਵਕ ਸਚੀਂ-ਮੁੱਚੀਂ ਪਹੁੰਚੇ ਹੋਏ, ਵਾਕ-ਸੱਤਾ ਵਾਲੇ ਤਪਸ੍ਵੀ ਲੋਕ ਹਨ, ਜਿਨ੍ਹਾਂ ਦੀਆਂ ਅਰਦਾਸਾਂ ਰੱਬ ਪਰਵਾਣ ਕਰਦਾ ਹੈ, ਜਿਸ ਨੂੰ ਇਹ ਆਕਰਸ਼ਕ ਮਿਠੀ ਸੁਰ ਨਾਲ ਪੜ੍ਹਦੇ ਤੇ ਗਾਉਂਦੇ ਹਨ। ਇਹ ਆਪਣੇ ਦਿਲ ਤੋਂ ਦ੍ਵੇਸ਼, ਭਰਮ ਦੇ ਪਰਦੇ ਲਾਹ ਕੇ ਤੰਗ-ਦਿਲੀ ਤੇ ਅਗਿਆਨਤਾ ਨੂੰ ਛੱਡ ਕੇ ਆਪਣੇ ਬੇਗਾਨਿਆਂ ਨੂੰ ਇਕ ਨਜਰ ਨਾ ਤੱਕਦੇ ਹਨ। ਇਨ੍ਹਾਂ ਲਈ ਦੋਸਤ ਅਤੇ ਦੁਸ਼ਮਨ ਇਕ ਬਰਾਬਰ ਹਨ। ਇਹ ਦੋਸਤਾਂ ਨਾਲ ਇਕ ਸਾਮਾਨ ਤੇ ਦੁਸ਼ਮਨਾਂ ਨਾਲ ਬਿਨ੍ਹਾਂ ਕਿਸੇ ਰਗੜੇ-ਝਗੜੇ ਦੇ ਦਿਨ ਬਿਤਾਉਂਦੇ ਹਨ।

ਜਦ ਭਾਈ ਕਨ੍ਹਈਏ ਨੂੰ ਵੈਰੀ ਅਤੇ ਅਪਣੇ, ਬਰਾਬਰ ਦਿੱਸਦੇ ਸਨ ਤਾਂ ਇਹ ਹਰਿਕੀਰਤਨ ਦੇ ਡੂੰਗੇ ਪ੍ਰਭਾਵ ਦਾ ਨਤੀਜਾ ਸੀ, ਇਹ ਬਿਰਤੀ ਐਵੇਂ ਨਹੀਂ ਸੀ ਬਣਦੀ, ਇਹ ਕੀਰਤਨ ਦਾ ਕ੍ਰਿਸ਼ਮਾ ਸੀ।

ਜਿਥੇ ਵੀ ਸਿਖ ਧਰਮ-ਅਸਥਾਨ ਬਣਦਾ ਹੈ ਤੇ ਜਿਥੇ ਕਿਥੇ ਸਿਖ ਸੰਗਤ ਇਕੱਤਰ ਹੁਦੀ ਹੈ,ਉਥੇ ਸਭ ਤੋਂ ਪਹਿਲਾਂ ਕੀਰਤਨ ਦਾ ਪ੍ਰਬੰਧ ਦਾ ਹੈ,। ਇਹ ਕੀਰਤਨ ਅਜੇਹੀ ਭੱਠੀ ਹੈ, ਰੰਗ ਦੀ ਮੱਟੀ ਹੈ ਜਿਸ ਵਿਚ ਜਗਿਆਸੂ ਆਪਣੇ ਆਪ ਰੰਗਿਆ ਜਾਂਦਾ ਹੈ, ਉਸ ਦੇ ਖਿਆਲ ਬਦਲਦੇ ਹਨ, ਉਸ ਦਾ ਰੁਝਾਨ ਹੋਰ ਦਾ ਹੋਰ ਹੁੰਦਾ ਹੈ। ਕੀਰਤਨ ਉਸ ਤੇ ਅਸਰ ਕਰਦਾ ਹੈ ਤੇ ਉਹ ਸਿਖ ਚਾਹੇ ਅਸਿਖ, ਕੋਈ ਵੀ ਹੋਵੇ ਗੁਰੂ ਘਰ ਦਾ ਸ਼ੈਦਾਈ ਬਣ ਜਾਂਦਾ ਹੈ। ਕੀਰਤਨ ਦੇ ਏਸ ਗੁਣ ਨੇ ਦੇਸਾਂ ਵਿਦੇਸਾਂ ਵਿਚ ਜਿਥੇ ਸਿਖਾਂ ਦੇ ਈਮਾਨ ਨੂੰ ਆਸਾਰਾ ਦੇਈ ਰਖਿਆ ਹੈ, ਉਥੇ ਅਨੇਕਾਂ ਹੋਰ ਲੋਕਾਂ ਨੂੰ ਵੀ ਆਪਣੇ ਰੰਗ ਵਿਚ ਰੰਗਿਆ ਹੈ। ਸਿਖ ਪ੍ਰਚਾਰ ਵੀ ਕਰਦੇ ਹਨ, ਕਥਾ-ਵਖਿਆਨ ਦੁਆਰਾ ਵੀ ਹੋਰਾਂ ਨੂੰ ਗੁਰਮਤਿ ਦੀ ਜਾਣ-ਪਛਾਣ ਕਰਾਉਂਦੇ ਹਨ ਪਰ ਜੋ ਸਿੱਖ ਕੌਮ ਦਾ ਪਰਿਚਯ, ਸਮੂਹ ਸੰਗਤ ਦੇ ਰਲਵੇਂ ਮਿਲਵੇਂ ਕੀਰਤਨ ਦੁਆਰਾ ਹੁੰਦਾ ਹੈ, ਉਸ ਦਾ ਕੋਈ ਮੁਕਾਬਲਾ ਨਹੀਂ। ਉਸ ਨਾਲ ਗੁਰੂ-ਸਿਧਾਂਤ ਦਿਲ ਵਿਚ ਵਸਦਾ ਤੇ ਅੰਦਰ ਧਸਦਾ ਜਾਂਦਾ ਹੈ। ਸ੍ਰੇਸ਼ਟ ਕੀਰਤਨੀਏ ਦੇ ਲੱਛਣ ਦਸਦਿਆਂ ਗੁਰੂ ਸਾਹਿਬ ਕਹਿੰਦੇ ਹਨ :-

ਓਅੰਕਾਰ ਏਕ ਧੁਨਿ ਏਕੈ, ਏਕੈ ਰਾਗੁ ਅਲਾਪੈ
ਏਕਾ ਦੇਸੀ ਏਕੁ ਦਿਖਾਵੈ, ਏਕੋ ਰਹਿਆ ਬਿਆਪੈ
ਏਕਾ ਸੁਰਤਿ ਏਕਾ ਹੀ ਸੇਵਾ ਏਕੋ ਗੁਰ ਤੇ ਜਾਪੈ ।1।
ਭਲੋ ਭਲੋ ਰੇ ਕੀਰਤਨੀਆ
ਰਾਮ ਰਮਾ ਰਾਮਾ ਗੁਨ ਗਾਉ, ਛੋਡਿ ਮਾਇਆ ਕੇ ਧੰਧ ਸੁਆਉ ।1।
ਪੰਚ ਬਜਿਤ੍ਰ ਕਰੇ ਸੰਤੋਖਾ, ਸਾਤ ਸੁਰਾ ਲੈ ਚਾਲੈ ।ਰਹਾਉ।
ਬਾਜਾ ਮਾਣੁ ਤਾਣੁ ਤਜਿ ਤਾਨਾ, ਪਾਉ ਨਾ ਬੀਗਾ ਘਾਲੈ
ਫੇਰੀ ਫੇਰੁ ਨ ਹੋਵਹਿ ਕਬਹੀ, ਏਕੁ ਸ਼ਬਦੁ ਬੰਧਿ ਪਾਲੈ ।2।
ਨਾਰਦੀ ਨਰਹਰਿ ਗਣ ਹਦੂਰੇ, ਘੂਘੰਰ ਖੜਕੁ ਤਿਆਗਿ ਵਿਸੂਰੇ

*ਸਹਜ ਅਨੰਦ ਦਿਖਾਵੈ ਭਾਵੈ, ਇਹ ਨਿਰਤਕਾਰੀ ਜਨਮਿ ਨਾ ਆਵੈ । ।3।*

**ਜੇ ਕੋ ਅਪਨੇ ਠਾਕੁਰ ਭਾਵੈ ।ਕੋਟਿ ਮਧਿ ਏਹੁ ਕੀਰਤਨੁ ਗਾਵੈ**

*ਸਾਧਸੰਗਤਿ ਕੀ ਜਾਵਉ ਟੇਕ। ਕਹੁ ਨਾਨਕ ਤਿਸ ਕੀਰਤਨ ਏਕ ।4।*

**(ਰਾਮਕਲੀ 5)**

ਇਕ ਹੋਰ ਗੱਲ, ਰੱਬ ਨੂੰ ਮਿਲਣਾ ਜਾਂ ਉਸਦੀ ਹਜ਼ੂਰੀ ਨੂੰ ਪਾਉਣਾ ਔਖਾ ਜਿਹਾ ਕੰਮ ਹੈ। ਇਹ ਇਲਮ, ਲਿਆਕਤ ਜਾਂ ਧਨ ਦੌਲਤ ਦੇ ਜ਼ੋਰ ਨਾਲ ਸੰਭਵ ਨਹੀਂ। ਸ਼ਾਇਦ ਜਿੰਦ ਜਾਨ ਦੇ ਕੇ ਵੀ ਇਹ ਸੌਦਾ ਬਣਦਾ ਨਹੀਂ ਲਗਦਾ। ਵੀਹਵੀਂ ਸਦੀ ਦੇ ਮਹਾਨ ਸੰਤ ਕਵੀ ਕੇ ਗਵੱਈਏ ਡਾ. ਰਬਿੰਦਰਾ ਨਾਥ ਟੈਗੋਰ ਨੇ ਆਪਣਾ ਤਜਰਬਾ ਲਿਖਿਆ ਹੈ :

"ਮੈਂ ਗੀਤਾਂ ਦੇ ਆਸਰੇ ਤੇਰੀ ਹਜ਼ੂਰੀ ਵਿਚ ਬੈਠਣ ਦੇ ਯੋਗ ਸਕਿਆ ਹਾਂ। ਪ੍ਰਾਣ ਦੇ ਕੇ ਵੀ ਮੈਨੂੰ ਤੇਰੇ ਪਾਸ ਬੈਠਣ ਦੀ ਜਗ੍ਹਾਂ ਨਹੀਂ ਮਿਲੀ ਲੇਕਿਨ ਕੀਰਤਨ ਦੇ ਗਾਨ ਦੇ ਸਦਕੇ ਮੈਂ ਤੇਰੇ ਚਰਣਾਂ ਨੂੰ ਛੂਹਣ ਦਾ ਸੁਭਾਗ ਪਾ ਰਿਹਾ ਹਾਂ।"

ਉਨ੍ਹਾਂ ਦੇ ਮੂਲ ਬੰਗਾਲੀ ਸ਼ਬਦ ਇਉਂ ਹਨ :

*ਜਾਨਆਮਿ ਏਇ ਗਾਨੇਰ ਬਲੇ, ਬਸ ਗਇ ਤੋਮ੍ਹਾਰਿ ਸੰਮੁਖੇ। ਪ੍ਰਾਣ ਦੀਏ ਜਾਹਗਲ ਨਾਇ ਪਾਇ। ਗਾਨ ਦੀਏ ਸੇਇ ਚਰਣ ਛੂਇ ਜਾਇ ।*

**(ਗੀਤਾਂਜਲੀ)**

ਅਜ ਵੀ ਜੇ ਅਸੀਂ ਆਪਣੇ ਮਨ ਨੂੰ ਸਿਖ ਬਣਾਉਣਾ ਹੈ, ਗੁਰਮਤਿ ਦ੍ਰਿੜ ਕਰਾਉਣਾ ਹੈ ਤਾਂ ਇਸ ਦਾ ਚੰਗਾ ਸਾਧਨ ਕੀਰਤਨ ਹੀ ਹੈ। ਇਸ ਤੋਂ ਇਲਾਵਾ ਜੇ ਅਸੀਂ ਹੋਰਾਂ ਦੇ ਹਿਰਦਿਆਂ ਵਿਚ ਵੀ ਇਹ ਗੁਰੂ-ਸਿਖਿਆ ਪਾਉਣੀ ਹੈ ਤਾਂ ਹਰਿ ਕੀਰਤਨ ਤੋਂ ਵਧੀਆ ਵਸੀਲਾ ਹੋਰ ਕਈ ਨਹੀਂ। ਇਸ ਕਰਕੇ ਸਾਨੂੰ ਚਾਹੀਦਾ ਹੈ ਕਿ ਆਪਣੇ ਕੀਰਤਨੀਆਂ ਨੂੰ ਗੁਰਬਾਣੀ ਤੇ ਸੰਗੀਤ ਵਿਦਿਆ ਦੋਹਾਂ ਵਿਚ ਨਿਪੁੰਨ ਕਰੀਏ। ਗੁਰੂਆਂ ਨੇ ਸਿੱਖੀ ਦੀ ਲਹਿਰ ਇਸੇ ਕੀਰਤਨ ਦੇ ਮਾਧਿਅਮ ਨਾਲ ਚਲਾਈ ਸੀ ਤੇ ਅਸੀਂ ਵੀ ਜੇ ਸਿੱਖ ਧਰਮ ਨੂੰ ਦੂਰ ਦੂਰ ਫੈਲਾਉਣ ਦਾ ਆਦਰਸ਼ ਰਖਦੇ ਹਾਂ ਤਾਂ ਵਧੀਆ ਕੀਰਤਨੀਏ ਪੈਦਾ ਕਰਨ ਦੀ ਵਧੀਆ ਟਕਸਾਲ ਬਣਾਉਣਾ ਸਾਡਾ ਪਹਿਲਾ ਕਰਤੱਵ ਹੋਣਾ ਚਾਹੀਦਾ ਹੈ। ਪਰ ਨਾਲ ਹੀ ਇਹ ਵੀ ਧਿਆਨਯੋਗ ਹੈ ਕਿ ਵਧੀਆ ਕੀਰਤਨੀਆ ਉਹੋ ਨਹੀਂ ਜੋ ਕੇਵਲ ਚੰਗਾ ਗਾਉਂਦਾ ਵਜਾਉਂਦਾ ਹੈ, ਸਗੋਂ ਅਲਸ ਵਧੀਆ ਉਹ ਹੈ, ਜੋ ਪ੍ਰੇਮ ਭਾਵ ਰੱਖਕੇ ਬਾਣੀ ਆਪਣੇ ਅੰਦਰ ਵਸਾਉਂਦਾ ਤੇ ਕਮਾਉਂਦਾ ਵੀ ਹੈ । ■

*With compliments from*

SS

**Satnam Singh**

# SURINDER SCOOTERS

**DEALERS IN TWO WHEELER SPARES**

**50/1, Venkatesa Naicken 1st Street, Chennai 600 002**
**Phone : 8587498 Pager : 9632-700875**

*With compliments from*

**Balbir Singh Khalsa**

# SHREE DASHMESH CLOTH HOUSE

**Shree Sunder Market,**
**Chitratoli Road, ARRAH ( Bhojpur ) Bihar**

# ਕੀਰਤਨ ਕਰਨ ਵਾਲਿਆਂ ਦੀ ਸੇਵਾ ਵਿੱਚ

ਡਾ. ਗੁਰਬਖਸ਼ ਸਿੰਘ ਵਾਸ਼ਿੰਗਟਨ

ਅੱਜਕਲ੍ਹ ਫਿਲਮੀ ਗਾਣਿਆਂ ਵਾਂਗ ਸ਼ਬਦ-ਗਾਇਣ ਸੁਣ ਕੇ ਉਸ ਨੂੰ ਕੀਰਤਨ ਕਹਿੰਦਿਆਂ ਦੁੱਖ ਹੁੰਦਾ ਹੈ। ਕੀਰਤਨ ਵਿੱਚ ਕਈ ਨਵੀਆਂ ਗੱਲਾਂ ਲੈ ਆਂਦੀਆਂ ਗਈਆਂ ਹਨ। ਗੁਰਮਤਿ ਅਨੁਸਾਰ ਉਹ ਗੱਲਾਂ ਠੀਕ ਨਹੀਂ ਹਨ। ਇਸ ਲਈ ਇਸ ਸਬੰਧ ਵਿੱਚ ਕੁਝ ਬੇਨਤੀਆਂ ਕਰਨੀਆਂ ਜ਼ਰੂਰੀ ਹੋ ਗਈਆਂ ਹਨ :

ਦੀਵਾਨ ਵੇਲੇ ਗੁਰਦੁਆਰੇ ਵਿੱਚ ਪੰਥਕ ਮਰਯਾਦਾ ਅਨੁਸਾਰ ਗੁਰਬਾਣੀ ਪਾਠ, ਗੁਰਬਾਣੀ ਕੀਰਤਨ, ਕਥਾ, ਕਵਿਤਾਵਾਂ, ਢਾਡੀ ਵਾਰਾਂ ਤੇ ਗੁਰਮਤਿ ਲੈਕਚਰਾਂ ਦੀ ਆਗਿਆ ਹੈ। ਆਪ ਬਣਾਈਆਂ ਕਵਿਤਾਵਾਂ ਪੜ੍ਹਨ ਦੀ ਮਨਾਹੀ ਤਾਂ ਨਹੀਂ ਪਰ ਗੁਰਬਾਣੀ ਵਾਂਗ ਉਹਨਾਂ ਦਾ ਕੀਰਤਨ ਕਰਨ ਦੀ ਆਗਿਆ ਨਹੀਂ ਹੈ। ਗੁਰੂ ਗ੍ਰੰਥ ਸਾਹਿਬ ਦੀ ਗੁਰਬਾਣੀ ਦੇ ਕੀਰਤਨ ਵਾਂਗ ਕੇਵਲ ਭਾਈ ਗੁਰਦਾਸ ਜੀ ਦੀਆਂ ਵਾਰਾਂ ਅਤੇ ਭਾਈ ਨੰਦ ਲਾਲ ਜੀ ਦੀਆਂ ਗਜ਼ਲਾਂ ਹੀ ਗਾਉਣ ਦੀ ਆਗਿਆ ਹੈ।

ਕਈ ਵੇਰੀ ਵੇਖਣ ਵਿੱਚ ਆਉਂਦਾ ਹੈ ਕਿ ਰਾਗੀ ਸਿੰਘ ਕਵੀਆਂ ਦੀਆਂ ਰਚਨਾਵਾਂ ਤੇ ਰਹਿਤਨਾਮਿਆਂ ਦਾ ਗੁਰਬਾਣੀ ਵਾਂਗ ਕੀਰਤਨ ਕਰਦੇ ਹਨ। ਇਹ ਪਰਪਾਟੀ ਠੀਕ ਨਹੀਂ। ਇਸ ਨਾਲ ਧੁਰ ਕੀ ਬਾਣੀ ਦੀ ਮਹੱਤਤਾ ਤੇ ਸਤਿਕਾਰ ਘਟਦਾ ਹੈ। ਕਵਿਤਾਵਾਂ ਨੂੰ ਪੜ੍ਹਨਾ/ਬੋਲਣਾ ਹੀ ਚਾਹੀਦਾ ਹੈ; ਪੰਥਕ ਮਰਯਾਦਾ ਅਨੁਸਾਰ ਕਵਿਤਾਵਾਂ ਦੇ ਕੀਰਤਨ ਦੀ ਮਨਾਹੀ ਹੈ।

ਬਹੁਤ ਸਾਰੇ ਚੰਗੇ-ਚੰਗੇ ਰਾਗੀ ਆਪਣੀਆਂ ਗੱਲਾਂ ਦਾ ਕੀਰਤਨ ਕਰਨ ਲੱਗ ਪਏ ਹਨ। ਸ਼ਬਦ ਦੇ ਅਰਥ ਦੱਸਣ ਦੇ ਬਹਾਨੇ ਉਹ ਆਪਣੀ ਕਥਾ ਦਾ ਹੀ ਕੀਰਤਨ ਕਰਨ ਲੱਗ ਜਾਂਦੇ ਹਨ। ਗੱਲ ਕਰਨ ਵੇਲੇ ਜੋੜੀ-ਵਾਜਾ ਉਂਝ ਹੀ ਵਜਾਈ ਜਾਂਦੇ ਹਨ ਜਿਵੇਂ ਕਿ ਕੀਰਤਨ ਕਰਦੇ ਹੋਣ। ਇਸ ਤਰ੍ਹਾਂ ਉਹ ਗੱਲਾਂ ਦਾ ਹੀ ਕੀਰਤਨ ਕਰ ਕੇ ਸਮਾਂ ਪੂਰਾ ਕਰ ਦਿੰਦੇ ਹਨ ਤੇ ਸੰਗਤ ਨੂੰ ਗੁਰਬਾਣੀ ਕੀਰਤਨ ਦੇ ਅਨੰਦ ਤੋਂ ਵਾਂਝਾ ਰੱਖਦੇ ਹਨ। 40-50 ਮਿੰਟ ਲਈ ਜੋੜੀ ਵਾਜਾ ਵਜਾ ਕੇ ਗੱਲਾਂ ਸੁਣਾਉਂਦੇ ਹਨ ; 10 ਮਿੰਟ ਲਈ, ਵਿੱਚ-ਵਿੱਚ ਸੰਗਤ ਦਾ ਧਿਆਨ ਖਿੱਚਣ ਲਈ, ਸ਼ਬਦ ਦੀਆਂ ਤੁਕਾਂ ਤੋੜ-ਤੋੜ ਕੇ ਗਾਉਂਦੇ ਹਨ। ਰਾਗੀਆਂ ਨੂੰ ਗੁਰਬਾਣੀ ਦਾ ਨਿਰੰਤਰ ਕੀਰਤਨ ਕਰਨਾ ਚਾਹੀਦਾ ਹੈ। ਆਪਣੀਆਂ ਗੱਲਾਂ-ਬਾਤਾਂ ਦੀ ਕਾਂਜੀ ਕੀਰਤਨ ਵਿੱਚ ਨਹੀਂ ਘੋਲਣੀ ਚਾਹੀਦੀ। ਸ਼ਬਦ ਨੂੰ ਤੋੜ-ਭੰਨ ਕੇ ਵਿੱਚ ਗੱਲਾਂ ਰਲਾ ਕੇ ਗਾਉਣਾ 'ਕੀਰਤਨ ਨਿਰਮੋਲਕ' ਹੀਰੇ ਦਾ ਸਤਿਕਾਰ ਘਟਾਉਂਦਾ ਹੈ। ਜੇ ਜ਼ਰੂਰੀ ਹੋਵੇ ਤਾਂ ਸ਼ਬਦ, ਬਿਨ੍ਹਾਂ ਵਾਜਾ ਵਜਾਏ ਟਿਕਾ ਕੇ ਸੁਣਾ ਦਿੱਤਾ ਜਾਵੇ ਤਾਂ ਕਿ ਸਰੋਤਿਆਂ ਨੂੰ ਤੁਕਾਂ ਸਮਝ ਆ ਸਕਣ। ਜੇਕਰ ਪ੍ਰਚਾਰਕ ਨੂੰ ਸ਼ਬਦ ਦੀ ਕਥਾ ਤੇ ਵਿਆਖਿਆ ਆਉਂਦੀ ਹੈ ਤਾਂ ਉਹ ਸ਼ਬਦ ਦੀ ਕਥਾ ਕਰੇ। ਕਥਾ ਦਾ ਕੀਰਤਨ ਕਰਨਾ, ਸ਼ੋਭਾ ਨਹੀਂ ਦਿੰਦਾ।

ਗੁਰਬਾਣੀ ਨੂੰ ਨਿਰਧਾਰਿਤ ਰਾਗਾਂ ਵਿੱਚ ਜਾਂ ਪੰਥ-ਪ੍ਰਵਾਣਿਤ ਰੀਤਾਂ ਵਿੱਚ ਗਾਉਣ ਦਾ ਨਾਮ ਹੀ ਕੀਰਤਨ ਹੈ। ਪੌਪ ਮਿਊਜ਼ਿਕ ਜਾਂ ਸਿਨੇਮੇ ਦੀਆਂ ਤਰਜ਼ਾਂ 'ਤੇ ਗੁਰਬਾਣੀ ਗਾਉਣ ਦਾ ਗਲਤ ਰਿਵਾਜ ਚੱਲ ਪਿਆ ਹੈ। ਇਹ ਕੀਰਤਨ ਨਹੀਂ, ਗਾਉਣ ਵਾਲਿਆਂ ਵੱਲੋਂ ਵਖਾਵਾ ਹੈ ਕਿ ਉਹ ਗੁਰਬਾਣੀ ਨੂੰ ਅਸ਼ਲੀਲ ਗੀਤ ਗਾਉਣ ਲਈ ਬਣਾਏ ਮਿਊਜ਼ਿਕ ਵਿੱਚ ਢਾਲ ਕੇ ਗਾ ਸਕਦੇ ਹਨ।

ਅਖੰਡ ਪਾਠ ਦੇ ਭੋਗ ਪਿੱਛੋਂ ਇੱਕ ਬੱਚੀ ਨੂੰ ਕੀਰਤਨ ਕਰਨ ਲਈ ਕਿਹਾ ਗਿਆ। ਉਸ ਨੇ ਵਾਜੇ ਤੇ 'ਵਾਹਿਗੁਰੂ' ਸ਼ਬਦ ਦਾ ਹੀ 'ਕੀਰਤਨ' ਸ਼ੁਰੂ ਕਰ ਦਿੱਤਾ। 20 ਕੁ ਮਿੰਟ ਲਈ ਉਹ ਵਾਜੇ ਨਾਲ 'ਵਾਹਿਗੁਰੂ' ਧੁਨੀ ਦਾ ਕਦੇ ਉੱਚੀ, ਕਦੇ ਬਹੁਤ ਹੌਲੀ, ਕਦੇ ਛੇਤੀ ਛੇਤੀ ਤੇ ਕਦੇ ਬਹੁਤ ਲਮਕਾ ਕੇ 'ਕੀਰਤਨ' ਕਰਦੀ ਰਹੀ। ਹੌਲੀ-ਹੌਲੀ ਕਰ ਕੇ ਫਿਰ ਉਸ ਨੇ ਸਮਾਪਤੀ ਕਰ ਦਿੱਤੀ। ਜ਼ਰਾ ਵਿਚਾਰੀਏ ਕਿ ਇਹ ਕੀ ਸੀ? ਗੁਰਬਾਣੀ ਕੀਰਤਨ ਤਾਂ ਇਸ ਨੂੰ ਨਹੀਂ ਕਹਿ ਸਕਦੇ। ਅਜਿਹਾ 'ਜਾਪ' ਅਸਲ ਵਿੱਚ ਜੋਗੀਆਂ ਦੇ ਜਾਪ ਦੀ ਨਕਲ ਹੈ ਜੋ ਗੁਰਮਤਿ ਵਿੱਚ ਪ੍ਰਵਾਨ ਨਹੀਂ ਹੈ। ਇਹ ਗੁਰਮਤਿ ਅਨੁਸਾਰ ਨਾਮ ਸਿਮਰਨ ਵੀ ਨਹੀਂ ਹੈ । ਸੋ ਸੰਗਤ ਵਿੱਚ ਗੁਰਬਾਣੀ ਕੀਰਤਨ ਹੀ ਪ੍ਰਵਾਨ ਹੈ। ਨਾਮ ਸਿਮਰਨ ਤਾਂ ਸਿੱਖ ਨੇ ਹਰ ਵੇਲੇ ਹੀ ਕਰਦੇ ਰਹਿਣਾ :

*'ਊਠਤ ਬੈਠਤ ਸੋਵਤ ਜਾਗਤ ਸਾਸਿ ਸਾਸਿ ਸਾਸਿ ਹਰਿ ਜਪਨੇ ॥*

ਆਸ ਹੈ ਰਾਗੀ ਸਿੰਘ ਕੀਰਤਨ ਦਾ ਸਤਿਕਾਰ ਕਰਦੇ ਹੋਏ ਗਲਤ ਪਰਪਾਟੀਆਂ ਤੋਂ ਬਚੇ ਰਹਿਣਗੇ। ■

ਧੰਨਵਾਦ ਸਹਿਤ - 'ਗੁਰਮਤਿ ਪ੍ਰਕਾਸ਼'

## ਨੋਟੇਸ਼ਨਾਂ ਵਾਲੇ ਸ਼ਬਦਾਂ ਦੇ ਅਰਥ

**ਬਸੰਤ ਹਿੰਡੋਲ ਮਹਲਾ ੪ ਘਰੁ ੨**

ਰਾਮ ਨਾਮੁ ਰਤਨ ਕੋਠੜੀ ਗੜ ਮੰਦਰਿ ਏਕ ਲੁਕਾਨੀ ॥ ਸਤਿਗੁਰੁ ਮਿਲੈ ਤ ਖੋਜੀਐ ਮਿਲਿ ਜੋਤੀ ਜੋਤਿ ਸਮਾਨੀ ॥੧॥

ਮਾਧੋ ਸਾਧੂ ਜਨ ਦੇਹੁ ਮਿਲਾਇ ॥ ਦੇਖਤ ਦਰਸੁ ਪਾਪ ਸਭਿ ਨਾਸਹਿ ਪਵਿਤ੍ਰ ਪਰਮ ਪਦੁ ਪਾਇ ॥੧॥ ਰਹਾਉ ॥

ਪੰਚ ਚੋਰ ਮਿਲਿ ਲਾਗੇ ਨਗਰੀਆ ਰਾਮ ਨਾਮ ਧਨੁ ਹਿਰਿਆ ॥ ਗੁਰਮਤਿ ਖੋਜ ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ ॥੨॥

ਪਾਖੰਡ ਭਰਮ ਉਪਾਵ ਕਰਿ ਥਾਕੇ ਰਿਦ ਅੰਤਰਿ ਮਾਇਆ ਮਾਇਆ ॥ ਸਾਧੂ ਪੁਰਖੁ ਪੁਰਖ ਪਤਿ ਪਾਇਆ ਅਗਿਆਨ ਅੰਧੇਰੁ ਗਵਾਇਆ ॥੩॥

ਜਗੰ ਨਾਥ ਜਗਦੀਸ ਗੁਸਾਈ ਕਰਿ ਕਿਰਪਾ ਸਾਧੁ ਮਿਲਾਵੈ ।ਨਾਨਕ ਸਾਂਤਿ ਹੋਵੈ ਮਨ ਅੰਤਰਿ ਨਿਤ ਹਿਰਦੈ ਹਰਿ ਗੁਣ ਗਾਵੈ ॥੪ ॥੧॥੩ ॥

**ਅਰਥ**

**ਬਸੰਤ ਹਿੰਡੋਲ ਚੌਥੀ ਪਾਤਸਾਹੀ**

ਪ੍ਰਭੂ ਦੇ ਨਾਮ ਦਾ ਹੀਰਾ ਸਰੀਰ ਦੇ ਦਿਲ ਦੇ ਮਹਿਲ ਦੀ ਇਕ ਕੁਟੀਆ ਅੰਦਰ ਛੁਪਿਆ ਹੋਇਆ ਹੈ। ਜੇਕਰ ਬੰਦਾ ਸਚੇ ਗੁਰਾਂ ਨੂੰ ਮਿਲ ਪਵੇ, ਕੇਵਲ ਤਦ ਹੀ ਉਹ ਖੋਜ ਦੇ ਰਾਹੀਂ ਇਸ ਨੂੰ ਪਾਉਂਦਾ ਹੈ ਅਤੇ ਉਸ ਦਾ ਪ੍ਰਕਾਸ਼ ਪਰਮ ਪ੍ਰਕਾਸ਼ ਅੰਦਰ ਲੀਨ ਹੋ ਜਾਂਦਾ ਹੈ।

ਹੇ ਮਾਇਆ ਦੇ ਸੁਆਮੀ ਵਾਹਿਗੁਰੂ ! ਮੈਨੂੰ ਸੰਤ ਸਰੂਪ ਪੁਰਸ਼ ਨਾਲ ਮਿਲਾ ਦੇ। ਉਸ ਦਾ ਦਰਸ਼ਨ ਵੇਖਣ ਦੁਆਰਾ, ਮੇਰੇ ਸਾਰੇ ਕਸਮਲ ਨਸ਼ਟ ਹੋ ਜਾਂਦੇ ਹਨ ਅਤੇ ਮੈਂ ਪਾਵਨ ਪੁਨੀਤ ਮਹਾਨ ਮਰਤਬੇ ਨੂੰ ਪਾ ਲੈਂਦਾ ਹਾਂ। ਠਹਿਰਾਉ।

ਪੰਜ ਤਸਕਰ ਇੱਕਠੇ ਹੋ, ਦੇਹਿ ਦੇ ਪਿੰਡ ਨੂੰ ਲੁਟਦੇ ਹਨ ਅਤੇ ਪ੍ਰਭੂ ਦੇ ਨਾਮ ਦੀ ਦੌਲਤ ਤੇ ਚੁਰਾ ਲੈ ਜਾਂਦੇ ਹਨ। ਗੁਰਾਂ ਦੇ ਉਪਦੇਸ਼ ਰਾਹੀਂ ਜਦ ਉਨ੍ਹਾਂ ਦਾ ਪਿੱਛਾ ਕੀਤਾ, ਤਦ ਉਹ ਫੜੇ ਗਏ ਤੇ ਦੌਲਤ ਤੇ ਮਾਲ ਉਨ੍ਹਾਂ ਕੋਲੋਂ ਸਹੀ ਸਲਾਮਤ ਬਰਾਮਦ ਹੋ ਗਿਆ। ਦੰਭ ਅਤੇ ਵਹਿਮ ਦੇ ਰਾਹੀਂ, ਲੋਕ ਉਪਰਾਲੇ ਕਰਦੇ ਕਰਦੇ ਹਾਰ ਹੁਟ ਗਏ, ਪ੍ਰੰਤੂ ਉਨ੍ਹਾਂ ਦੇ ਮਨ ਅੰਦਰ ਦੌਲਤ ਤੇ ਜਾਇਦਾਦ ਦੀ ਚਾਹਨਾ ਹੈ। ਸੰਤ ਸਰੂਪ ਪੁਰਸ਼ ਗੁਰਾਂ ਨਾਲ ਮਿਲ ਕੇ ਮੇਰਾ ਬੇਸਮਝੀ ਦਾ ਅਨ੍ਹੇਰੇ ਦੂਰ ਹੋ ਗਿਆ ਅਤੇ ਮੈਂ ਮਨੁਸ਼ਾਂ ਦੇ ਮਾਲਕ-ਵਾਹਿਗੁਰੂ ਨੂੰ ਪਾ ਲਿਆ ਹੈ। ਆਪਣੀ ਮਿਹਰ ਧਾਰ ਕੇ ਧਰਤੀ ਦਾ ਸਾਹਿਬ ਸੰਸਾਰ ਦਾ ਸੁਆਮੀ ਅਤੇ ਆਲਮ ਦਾ ਮਾਲਕ ਵਾਹਿਗੁਰੂ ਮੈਨੂੰ ਸੰਤ ਸਰੂਪ ਗੁਰਾਂ ਨਾਲ ਮਿਲਾਉਂਦਾ ਹੈ।

ਹੇ ਨਾਨਕ ! ਤਦ ਠੰਢ ਚੈਨ ਮੇਰੇ ਚਿਤ ਅੰਦਰ ਵਸ ਜਾਂਦੀ ਹੈ ਅਤੇ ਮੈਂ ਹਮੇਸ਼ਾਂ ਹੀ ਆਪਣੇ ਦਿਲ ਅੰਦਰ ਮਾਲਕ ਦੀ ਮਹਿਮਾ ਗਾਇਨ ਕਰਦਾ ਹਾਂ।

**ਸਵੈਯਾ (ਭਾਈ ਗੁਰਦਾਸ ਜੀ)**

ਤੋ ਸੋ ਨ ਨਾਥ, ਅਨਾਥ ਨ ਮੋ ਸਰਿ, ਤੋ ਸੋ ਨ ਦਾਨੀ, ਨ ਮੋ ਸੋ ਭਿਖਾਰੀ ॥
ਮੋ ਸੋ ਨ ਦੀਨ, ਦਯਾਲ ਨ ਤੋ ਸਰਿ, ਮੋ ਸੋ ਅਗਯਾਨਿ, ਨ ਤੋ ਸੋ ਬਿਚਾਰੀ ॥
ਮੋ ਸੋ ਨ ਪਤਿਤ, ਨ ਪਾਵਨ ਤੋ ਸਰਿ, ਮੋ ਸੋ ਬਿਕਾਰੀ, ਨ ਤੋ ਸੋ ਉਪਕਾਰੀ ॥
ਮੇਰੇ ਹੈ ਅਵਗੁਨ, ਤੂ ਗੁਨ ਸਾਗਰ ਜਾਤ ਰਸਾਤਲ ਓਟ ਤਿਹਾਰੀ ॥੫੨੯॥

**ਅਰਥ**

ਤੁਹਾਡੇ ਸਮਾਨ ਮਾਲਕ ਕੋਈ ਨਹੀਂ। ਮੇਰੇ ਜਿਹਾ (ਹੋਰ ਕੋਈ) ਅਨਾਥ ਨਹੀਂ ਹੈ। ਤੁਹਾਡੇ ਜਿਹਾ ਕੋਈ ਦਾਨੀ ਨਹੀਂ ਹੈ। ਮੇਰੇ ਵਰਗਾ(ਹੋਰ ਕੋਈ) ਮੰਗਤਾ ਨਹੀਂ ਹੈ।

ਮੇਰੇ ਸਮਾਨ (ਕੋਈ) ਦੀਨ-ਗਰੀਬ ਨਹੀਂ ਹੈ। ਆਪ ਸਮਾਨ (ਹੋਰ ਕੋਈ) ਦਿਆਲੂ ਨਹੀਂ ਹੈ, ਮੇਰੇ ਸਮਾਨ ਕੋਈ ਅਗਿਆਨੀ ਨਹੀਂ ਹੈ ਅਤੇ ਤੁਹਾਡੇ ਸਮਾਨ ਕੋਈ ਵਿਚਾਰਵਾਨ ਨਹੀਂ ਹੈ।

ਮੇਰੇ ਵਰਗਾ ਕੋਈ ਪਾਪੀ ਨਹੀਂ ਹੈ, ਆਪ ਜਿਹਾ ਪਵਿਤ੍ਰ ਨਹੀਂ ਹੈ, ਮੇਰੇ ਵਰਗਾ (ਕੋਈ) ਵਿਕਾਰੀ (ਮੰਦ ਕਰਮੀ) ਨਹੀਂ ਹੈ ਤੁਹਾਡੇ ਸਮਾਨ (ਕੋਈ) ਉਪਕਾਰੀ ਨਹੀਂ ਹੈ।

ਮੇਰੇ ਵਿੱਚ (ਸਾਰੇ ਦੇ ਸਾਰੇ) ਔਗੁਣ ਹਨ, ਤੂੰ ਗੁਣਾਂ ਤਾ ਸਮੁੰਦਰ ਹੈ। ਮੈਂ ਨਰਕਾਂ ਵਿੱਚ (ਗਰਕ ਹੁੰਦਾ) ਜਾਂਦਾ ਹਾਂ। ਇਸ ਵੇਲੇ ਮੈਨੂੰ ਕੇਵਲ ਆਪ ਦੀ ਹੀ ਓਟ ਹੈ।

# ਸੁਰ ਲਿਪੀਆਂ

ਰਾਗ : ਹਿੰਡੋਲ

ਰਾਗ ਹਿੰਡੋਲ ਇਕ ਪ੍ਰਾਚੀਨ ਰਾਗ ਹੈ ਜਿਸਦਾ ਜ਼ਿਕਰ ਤਕਰੀਬਨ ਸਾਰੇ ਪ੍ਰਾਚੀਨ ਗ੍ਰੰਥਾਂ ਵਿਚ ਮਿਲਦਾ ਹੈ। ਰਾਗ-ਰਾਗਿਣੀ ਪੱਦਤੀ ਵਿਚ ਭਰਤ ਅਤੇ ਹਨੂਮਾਨ ਮੱਤ ਅਨੁਸਸਾਰ ਮੁੱਖ 6 ਰਾਗਾਂ ਵਿਚੋਂ ਇੱਕ ਸੀ।

ਇਸ ਰਾਗ ਦੀ ਉਤਪਤੀ ਥਾਟ ਕਲਿਆਣ ਤੋਂ ਹੋਈ ਮੰਨੀ ਜਾਂਦੀ ਹੈ। ਇਸ ਵਿੱਚ ਮਧਮ ਸਵਰ ਤੀਵਰ ਅਤੇ ਬਾਕੀ ਸਵਰ ਸ਼ੁਧ ਲਗਦੇ ਹਨ। ਰਿਸ਼ਭ ਅਤੇ ਪੰਚਮ ਸਵਰ ਵਰਜਿਤ ਹੋਣ ਕਰਕੇ ਇਸ ਰਾਗ ਦੀ ਜਾਤੀ ਔੜਵ-ਔੜਵ ਹੈ। ਇਸ ਰਾਗ ਦਾ ਵਾਦੀ ਸਵਰ 'ਧ' ਅਤੇ ਸੰਵਾਦੀ ਸਵਰ 'ਗ' ਹੈ। ਇਸ ਰਾਗ ਦਾ ਗਾਇਨ ਤੇ ਵਾਦਨ ਸਮਾਂ ਦਿਨ ਦਾ ਪਹਿਲਾਂ ਪਹਿਰ ਹੈ। ਇਸ ਰਾਗ ਵਿੱਚ ਨਿਸ਼ਾਦ ਅਲਪ ਅਤੇ ਵਕਰ ਹੈ। ਆਰੋਹ ਵਿੱਚ ਨਿਸ਼ਾਦ ਨੂੰ ਵਕਰ ਰੱਖਿਆ ਜਾਂਦਾ ਹੈ ਤੇ ਅਵਰੋਹ ਵਿੱਚ ਸਂ ਤੋਂ ਧ ਨੂੰ ਆਉਂਦੇ ਵੇਲੇ 'ਨੀ' ਦਾ ਕਣ ਲਿਆ ਜਾਂਦਾ ਹੈ।

ਹਿੰਡੋਲ ਗੰਭੀਰ ਪ੍ਰਾਕ੍ਰਿਤੀ ਦਾ ਰਾਗ ਹੋਣ ਕਰਕੇ ਧਰੁਪਦ ਲਈ ਜ਼ਿਆਦਾ ਉਪਯੁਕਤ ਹੈ। 'ਗ' ਤੋਂ 'ਸ' ਅਤੇ 'ਸ' ਤੋਂ 'ਧ' ਵਲ ਆਉਂਦੇ ਸਮੇਂ ਜ਼ਿਆਦਾਤਰ ਮੀਂਡ ਵਰਤੀ ਜਾਂਦੀ ਹੈ। ਇਹ ਉਤਰਾਂਗ ਪ੍ਰਧਾਨ ਰਾਗ ਹੈ। ਇਸ ਕਰਕੇ ਇਸ ਰਾਗ ਦਾ ਚਲਨ ਮੱਧ ਸਪਤਕ ਤੋਂ ਤਾਰ ਸਪਤਕ ਵਿੱਚ ਜਿਆਦਾ ਹੁੰਦਾ ਹੈ। ਰਾਗ ਹਿੰਡੋਲ ਵਿੱਚ ਨਿਆਸ ਤੇ ਸਵਰ ਗ, ਧ, ਸਂ ਹੈ ਅਤੇ ਸਮਪ੍ਰਾਕ੍ਰਿਤਕ ਰਾਗ ਸੋਹਨੀ ਹੈ।

**ਆਰੋਹ :** ਸ ਗ, ਮੇ ਧ ਨੀ ਸਂ

**ਅਵਰੋਹ :** ਸ ਨੀ ਧ, ਮੇ ਗ, ਸ

**ਪਕੜ :** ਸ ਨ ਧ, ਨ ਮੇ ਧ ਸਂ

**ਤਿੰਨ ਤਾਲ**

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| **ਸਥਾਈ** | | | | | | | | | | | | | | | |
| | | | | | | | | ਗ | ਗ | ਮੇ | ਧ | ਧ | ਮੇ | ਗ | ਗ |
| | | | | | | | | ਜ | ਨ | ਦੇ | ਹੁ | ਮਿ | ਲਾ | s | ਇ |
| ਮੇ | ਗ | ਸ | ਸ | ਨੀ | ਧ | ਸ | ਸ | ਗ | ਗ | ਗ | ਗ | ਮੇ | ਧ | ਮੇ | ਧ |
| ਮਾ | s | ਧੋ | s | ਸਾ | s | ਧੂ | s | ਦੇ | s | ਖ | ਤ | ਦ | ਰ | ਸ | s |
| ਸਂ | ਸਂ | ਨੀ | ਧ | ਮੇ | ਗ | ਮੇ | ਗ | ਗ | ਗ | ਸ | ਗ | ਮੇ | ਧ | ਮੇ | ਧ |
| ਪਾ | ਪ | ਸ | ਭਿ | ਨਾ | s | ਸ | ਹਿ | ਪਵਿ | ਤ | ਰ | ਪ | ਰ | ਮ | ਪ | ਦੁ |
| ਸਂਨੀ | ਧਸਂ | ਨੀਧ | ਨੀਧ | ਮੇਧ | ਨੀਧ | ਮੇਗਾ | ਸਸ | | | | | | | | |
| ਪਾs | ss | ss | ss | ss | ss | ss | ਇs | | | | | | | | |
| **ਅੰਤਰਾ** | | | | | | | | | | | | | | | |
| | | | | | | | | ਗ | - | ਗ | - | ਮੇ | ਧ | ਮੇ | ਧ |
| | | | | | | | | ਗਾ | s | ਮ | s | ਨਾ | s | ਮੁ | s |
| ਸਂ | ਸਂ | ਨੀ | ਧ | ਮੇ | ਧ | ਮੇ | ਧ | ਗ | ਗ | ਗ | - | ਮੇ | ਧ | ਮੇ | ਧ |
| ਰ | ਤ | ਨ | ਕੋ | s | ਠ | ੜੀ | s | ਗ | ੜ | ਮੈਂ | s | ਦ | ਰਿ | ਏ | ਕ |
| ਨੀ | ਨੀ | - | - | ਧ | ਮੇ | ਗ | - | ਸਂ | ਸਂ | ਸਂ | ਸਂ | ਗਂ | ਗਂ | - | ਮੇਂ |
| ਲੁ | ਕਾ | s | s | s | ਨੀ | s | s | ਸ | ਤਿ | ਗੁ | ਰੁ | ਮਿ | ਲੇ | s | ਤ |
| ਗਂ | - | ਸਂ | ਸਂ | ਸਂ | - | - | - | ਸਂ | ਸਂ | ਸਂ | ਸਂ | ਨੀ | ਧ | ਮੇ | ਧ |
| ਖੋ | s | s | ਜੀ | ਐ | s | s | s | ਮਿ | ਲਿ | ਜੋ | ਤੀ | ਜੋ | s | ਤਿ | ਸ |
| ਸਂਨੀ | ਧਸਂ | ਨੀਧ | ਨੀਧ | ਮੇਧ | ਨੀਧ | ਮੇਗ | ਸਸ | | | | | | | | |
| ਮਾs | ss | ss | ss | ss | ss | ss | ਨੀs | | | | | | | | |
| x | | | | 2 | | | | 0 | | | | 3 | | | |

ਨੋਟ : ਸੁਰ ਲਿਪੀਆਂ ਕਰਤਾ ਲਈ ਬੇਨਤੀ ਕੀਤੀ ਜਾਂਦ ਹੈ ਕਿ ਨਿਰਧਾਰਤ ਰਾਗ ਵਿਚ ਹੀ ਬੰਦਿਸ਼ ਤਿਆਰ ਕਰਕੇ ਭੇਜਣ ਦੀ ਖੇਚਲ ਕੀਤਾ ਕਰਨ।

ਰਾਗ : ਖਮਾਜ

ਰਾਗ ਖਮਾਜ ਦੀ ਰਚਨਾ ਖਮਾਜ ਥਾਟ ਤੋਂ ਮੰਨੀ ਜਾਂਦੀ ਹੈ ਇਸਦੀ ਜਾਤੀ ਸ਼ਾੜਵ ਸੰਪੂਰਨ ਹੈ। ਇਸ ਰਾਗ ਦਾ ਵਾਦੀ ਸਵਰ 'ਗ' ਅਤੇ ਸੰਵਾਦੀ ਸਵਰ 'ਨੀ' ਹੈ। ਇਸਦੇ ਆਰੋਹ ਵਿੱਚ ਸ਼ੁਧ ਨਿਸ਼ਾਦ ਅਤੇ ਅਵਰੋਹ ਵਿੱਚ ਕੋਮਲ ਨਿਸ਼ਾਦ ਦਾ ਪ੍ਰਯੋਗ ਕੀਤਾ ਜਾਂਦਾ ਹੈ ਬਾਕੀ ਸਾਰੇ ਸਵਰ ਸ਼ੁੱਧ ਹਨ। ਇਸ ਰਾਗ ਦਾ ਗਾਇਨ ਅਤੇ ਵਾਦਨ ਸਮਾਂ ਰਾਤ ਦਾ ਦੂਜਾ ਪਹਿਰ ਹੈ। ਇਹ ਚੰਚਲ ਪ੍ਰਕ੍ਰਿਤੀ ਦਾ ਰਾਗ ਹੈ। ਇਸ ਲਈ ਜ਼ਿਆਦਾਤਰ ਦਾਦਰਾ ਠੁਮਰੀ ਇਸੀ ਰਾਗ ਵਿੱਚ ਗਾਈ ਜਾਂਦੀ ਹੈ ਖਮਾਜ ਵਿੰਚ ਵੱਡਾ ਖਿਆਲ ਗਾਉਣ ਦਾ ਪ੍ਰਚਾਰ ਨਹੀਂ ਹੈ। ਵੈਸੇ ਤਾਂ ਇਸ ਰਾਗ ਦੇ ਆਰੋਹ ਵਿੱਚ ਰਿਸ਼ਭ ਵਰਜਿਤ ਹੈ ਪਰ ਠੁਮਰੀ ਗਾਉਂਦੇ ਸਮੇਂ ਕਦੇ ਕਦੇ ਆਰੋਹ ਵਿੱਚ ਰਿਸ਼ਭ ਦਾ ਪ੍ਰਯੋਗ ਵੀ ਕੀਤਾ ਜਾਂਦਾ ਹੈ। ਇਸ ਰਾਗ ਦੇ ਅਵਰੋਹ ਵਿੱਚ ਕਈ ਵਾਰ ਪੰਚਮ ਦਾ 'ਵਕਰ' ਰੂਪ ਵਿੱਚ ਪ੍ਰਯੋਗ ਕੀਤਾ ਜਾਂਦਾ ਹੈ। ਜਿਵੇਂ ਨੀ̱ ਧ, ਮ ਪ ਧ, ਮ ਗ । ਖਮਾਜ ਰਾਗ ਦੇ ਨਿਆਸ ਦੇ ਸਵਰ ਸ, ਗ, ਪ, ਹਨ ਤੇ ਸਮ ਪ੍ਰਕ੍ਰਿਤਕ ਰਾਗ ਤਿਲੰਗ ਹੈ।

ਆਰੋਹ : ਸ ਗ ਮ ਪ ਧ ਨੀ ਸੰ

ਅਵਰੋਹ : ਸੰ ਨੀ̱ ਧ ਪ ਮ ਗ ਰੇ ਸ

ਪਕੜ : ਨੀ̱ ਧ, ਮ ਪ ਧ, ਮ ਗ, ਪ ਮ ਗ ਰੇ ਸ

ਝਪ ਤਾਲ

| | 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|---|
| **ਸਥਾਈ** | | | | | | | | | | |
| | ਸ | - | ਗ | - | ਗ | ਮ | ਮ | ਪ | - | ਪ |
| | ਮੇ | ऽ | ਰੇ | ऽ | ਹੈ | ਅ | ਵ | ਗੁ | ऽ | ਨ |
| | ਸ | ਨੀ̱ | ਧਪ | ਧ | ਮ | ਧਪ | ਧ | ਮ | ਗ | ਗ |
| | ਤੂ | ऽ | ਗऽ | ऽ | ਨ | ਸਾऽ | ऽ | ਗ | ऽ | ਰ |
| | ਨੀ | ਨੀ | ਨੀ | - | ਨੀ | ਸੰ | - | ਨੀ̱ਧ | ਪ | ਧ |
| | ਜਾ | ऽ | ਤ | ऽ | ਰ | ਸਾ | ऽ | ਤऽ | ऽ | ਲ |
| | ਸੰ | ਨੀ̱ | ਧਪ | ਧ | ਮ | ਧਪ | ਧ | ਮ | ਗ | ਗ |
| | ੳ | ऽ | ਟऽ | ऽ | ਤਿ | ਹਾऽ | ऽ | ਗੀ | ऽ | ऽ |
| **ਅੰਤਰਾ** | | | | | | | | | | |
| | ਗ | ਮ | ਧ | - | ਨੀ | ਸੰ | ਨੀ | ਸੰ | - | ਸੰ |
| | ਤੋ | ऽ | ਸੋ | ऽ | ਨ | ਨਾ | ऽ | ਥ | ऽ | ਅ |
| | ਨੀ | ਨੀ | ਸੰ | - | ਰੇਂ | ਸੰ | ਨੀ̱ | ਧ | - | ਧ |
| | ਨਾ | ऽ | ਥ | ऽ | ਨ | ਮੋ | ऽ | ਸ | ऽ | ਰਿ |
| | ਗ | ਮ | ਗ | - | ਮ | ਪ | ਧ | ਨੀ | - | ਸੰ |
| | ਤੋ | ऽ | ਸੋ | ऽ | ਨ | ਦਾ | ऽ | ऽ | ऽ | ਨੀ |
| | ਰੇਂ | ਨੀ̱ | ਧਪ | ਧ | ਮ | ਧਪ | ਧ | ਮ | ਗ | ਗ |
| | ਨ | ऽ | ਮੋऽ | ऽ | ਸੋ | ਭਿऽ | ऽ | ਖਾ | ऽ | ਗੀ |
| | x | | 2 | | | 0 | | 3 | | |

## ਜ਼ਰੂਰੀ ਬੇਨਤੀ

ਜੇ ਤੁਹਾਡੇ ਕੋਲ 'ਅੰਮ੍ਰਿਤ ਕੀਰਤਨ' ਦੇ ਪੁਰਾਣੇ ਅੰਕ ਪਏ ਹਨ ਅਤੇ ਤੁਸੀਂ ਉਹਨਾਂ ਦੀ ਲੋੜ ਨਹੀਂ ਸਮਝਦੇ ਤਾਂ ਸਾਨੂੰ ਭੇਜਣ ਦੀ ਕਿਰਪਾ ਕਰਨੀ, ਧੰਨਵਾਦੀ ਹੋਵਾਂਗੇ

**ਅੰਮ੍ਰਿਤ ਕੀਰਤਨ ਟਰਸਟ, 422, ਸੈਕਟਰ 15-ਏ, ਚੰਡੀਗੜ੍ਹ**

ਸ਼ੁਭ ਕਾਮਨਾਵਾਂ ਸਹਿਤ

## ਇਸਤਰੀ ਸਤਿਸੰਗ

Gurdwara Premnagar
Madanmahal,
JABALPUR

ਸ਼ੁਭ ਕਾਮਨਾਵਾਂ ਸਹਿਤ

## ਬੀਬੀ ਜਸਵੀਰ ਕੌਰ ਖਾਲਸਾ

ਡੇਰਾ ਬਾਬਾ ਅੱਛਰ ਸਿੰਘ ਜੀ,
ਗੜ੍ਹਸ਼ੰਕਰ - 144 527
☎ : 01884-23124

*With compliments from*

## Dr. Bhai Mohan Singh

15, Aurangzeb Road,
New Delhi 110 011
Grams : TUNOO NEW DELHI
Phone : Off. 3015850, 3016675
Fax : ( 91 - 11 ) 3019677

*With compliments from*

Bakhshish Singh

## JANTA
AUTOMOBILES

Deals in : ALL TYPES OF MOTOR PARTS & EARTH MOVING SPARES
Auth. Dealer : Sundaram Fasteners, Kamco Springs, TOTAL Lubricants & Purolator FILTERS
AUTHORISED SALES & SERVICE DEALER
LUCAS - TVS

Kachery Road, Rourkela 769 012
Phone : 502698, 500753 ( O )
Branch : Station Road, Rourkela 769 011
Phone : 510796, 509155 ( R )

## ਗੁਰਮੁਖ ਢੂਢ ਢੂਢੇਦਿਆਂ

**( Free Matrimonial Service )**

**SUITABLE** match for Gold Medalist, all rounder girl (DOB- 1.7.74, 5' 5" ), B.Tech. Computer Science & Engg., I.I.T./Kanpur, at present awarded 5 years Scholarship for Ph.D in Computer Science, University of Texas, USA. Family Gursikh Amritdhari, well settled, Manimajra, Chandigarh. ***Box : 0069***

**SUITABLE** match for Ahluwalia girl (DOB-10.7.75, 165 cms.), slim, fair having sharp and attractive features. Studied in English medium Public School, B.Sc., persuing M.A.(Maths.), Computer Diploma and doing Ph.D. Father Businessman and settled in Delhi. ***Box : 0070***

**WANTED** non-drinker Sikh boy for Ramgariah girl (DOB-23.9.70, 161 cms.), fair complexion, pleasing personality, keen interest in household work, M.Com.,D.B.A., Industrial Relations & Personnel Management, M.B.A. (New Port University, California). Father retired S.E. from O.N.G.C. Ltd. and settled in Baroda. ***Box : 0071***

**SUITABLE** match for a boy (26, 5'-11"), B.E., working in JCT as Engineer. ***Box : 0072***

**SUITABLE** non-trimmer, non-drinker (may not be a Amritdhari) from Arora/Khatri Gursikh family, preferably Graduate and in good Service or well settled own Business, handsome match for Arora Sikh (24, 5'-1.75"), slim, beautiful, the only girl, B.A., Gyani , One year's 'O' Level Diploma in Computer, doing M.A. and Kirtan knowing. Parents pensioners of Punjab Govt., elders hailing from Layallpur/Sargodha. **Box : 0073**

**SUITABLE** match for Jat Sikh girl (DOB-3.3.74, 166 cms.), M.A.(Psychology) U.G.C. National Eligibility Test for Lecturership cleared, getting U.G.C. Research Fellowship and doing Research for Ph.D. Convent educated. Father Prof.in Pb.University, mother retired Lecturer. ***Box : 0074***

**WANTED** well settled Gursikh match from Arora/Khatri family preferably Jalandhar/ Ludhiana, for Arora Sikh slim, Graduate and Diploma in Computer, Girl (24 - 155cms). ***Box : 0075***

**SUITABLE** non-trimmer, non-drinker match for Arora Sikh Girl (24 - 5'1.3/4") slim, B.A., Diploma in Architectural Assistanceship (3 years), Computer Course - one year 'O' Level, doing M.A. (Part I) and Kirtan knowing. Parents are Govt. Pensioners. Forefathers migrated from Sargodha/Lyallpur Preferred Jalandhar and Ludhiana.***Box : 0076***

**WANTED** Suitable match for Khatri Girl (38-5'-2"), B.A. B.Ed., beautiful, fair, slim and well mannerd. Employed as permanent teacher in Govt. School. Father retired defence officer and brothers well employed ***Box No. 0077***

**SUITABLE** match for Arora boy (DOB Sept. 30, 68 - 5'-11") very fair. B.E. Electrical & M.B.A., having his own well establish business. Father SE/Pb. Govt. ***Box No. 0078***

**SUITABLE** non-trimmer teetotaller religious match for convent educated postgraduate engineer khatri girl (25 - 5' 6") of spohisticated cultured family employed as system analyst in software company. ***Box No. 0079***

**SUITABLE** gursikh match upto 50 years for 50 +/ 5'-4" healthy, finacially secure, broadminded, educated, adjustable, status issueless, widower, issue if any acceptable. ***Box No. 0080***

**GURSIKH** match (Amritdhari not neccessary) from Arora/Khatri belonging to Punjab preferably Jalandhar and arround, well settled in service good business for Arora sikh girl (DOB Dec. 9, 74,155 cms) graduate, slim, fair, having sharp features. Appeared in Computer diploma 'O' level, Delhi university, studying M.A. The only daughter of her parents both govt. retired/pensioners. ***Box No. 81***

**Contact : Sardar Harbhajan Singh #1246, Sector : 22 B, Chandigarh**

# इफको मनाती है आजादी के 50 वर्ष और हरित क्रांति के



# वर्ष का महोत्सव !

30 वर्ष पहले स्थापित, इफको आज भारत की सबसे बड़ी उर्वरक उत्पादक संस्था है, जिसके चार अत्याधुनिक संयंत्र कलोल और कांडला गुजरात में, तथा फूलपुर और आंवला उत्तर प्रदेश में कार्यरत हैं। कलोल इकाई को ब्यूरो वेरिटास क्वालिटी इंटरनेशनल, विएना द्वारा आई एस ओ-9002 प्रमाण-पत्र देकर सम्मानित किया गया है।

50

इफको ने विश्व में सबसे बड़ी उर्वरक उत्पादक संस्था बनने के लिए एक कार्ययोजना विज़न-2000 बनाई है, जिसे साकार करने के लिये इफको नौवीं योजना में कुल 4075 करोड़ रुपये के योजनागत परिव्यय से अपने आंवला, कलोल, कांडला और फूलपुर संयंत्रों का आधुनिकीकरण और विस्तार तथा नैल्लौर में नया उर्वरक संयंत्र लगाने का कार्य सुचारु ढंग से कर रही है।

इफको ने भारतीय किसानों को साल-दर-साल भरपूर उपज प्राप्त करने में सहायता दी है। इफको सही मायने में भारतीय किसानों का गौरव है। क्योंकि इसने दिलाया है किसानों को बंजर ज़मीन से छुटकारा और कम पैदावार की समस्या से मुक्ति।

**इफको**

**इंडियन फारमर्स फर्टिलाइजर कोआपरेटिव लिमिटेड**

34, नेहरू प्लेस, नई दिल्ली-110 019.

राज्य विपणन कार्यालय – हरियाणा एवं दिल्ली

इफको भवन, मध्य मार्ग, सैक्टर 28 – ए, चंडीगढ़

## ਕੀਰਤਨ ਕਲਾਸਾਂ

**ਹੇਠ ਲਿਖੇ ਸਥਾਨਾਂ ਤੇ ਕੀਰਤਨ ਕਲਾਸਾਂ ਲਗਾਈਆਂ ਜਾਂਦੀਆਂ ਹਨ। ਚਾਹਵਾਨ ਵਿਅਕਤੀ ਸੰਪਰਕ ਕਰਕੇ ਲਾਭ ਉਠਾ ਸਕਦੇ ਹਨ।**

- ਗੁਰਦੁਆਰਾ ਸਾਹਿਬ, ਸੈਕਟਰ 34, ਚੰਡੀਗੜ੍ਹ
- ਗੁਰੂ ਨਾਨਕ ਬਾਲ ਆਸ਼ਰਮ, ਨੇੜੇ ਰਾਮਗੜ੍ਹੀਆ ਭਵਨ, ਸੈਕਟਰ 27, ਚੰਡੀਗੜ੍ਹ
- ਉਜਲ ਸਿੰਘ ਮਦਾਨ, 1470, ਸੈਕਟਰ 43-ਬੀ, ਚੰਡੀਗੜ੍ਹ
- ਗੁਰਦੁਆਰਾ ਸਾਚਾ ਧੰਨ, ਫੇਜ਼ 3-ਬੀ-1, ਮੁਹਾਲੀ
- ਗਿ: ਕਸ਼ਮੀਰ ਸਿੰਘ, 1612, ਫੇਜ਼-7, ਮੁਹਾਲੀ
- ਭਾਈ ਸਮੁੰਦ ਸਿੰਘ ਗੁਰਮਤਿ ਸੰਗੀਤ ਅਕੈਡਮੀ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਮਾਡਲ ਟਾਊਨ ਐਕਸਟੇਨਸ਼ਨ, ਲੁਧਿਆਣਾ
- ਗੁਰਦੁਆਰਾ ਗੁਰ ਗਿਆਨ ਪ੍ਰਕਾਸ਼, ਜਵੱਦੀ ਕਲਾਂ, ਲੁਧਿਆਣਾ
- ਸੰਗੀਤ ਭਾਰਤੀ, 99 ਬੀ, ਸ਼ਾਸਤਰੀ ਨਗਰ, ਲੁਧਿਆਣਾ
- ਗੁਰਦੁਆਰਾ ਦਸ਼ਮੇਸ਼ਗੜ੍ਹ ਵੀਰੋਵਾਲ, ਜ਼ਿਲ੍ਹਾ : ਨਵਾਂ ਸ਼ਹਿਰ
- ਨੀਲਮ ਸੰਗੀਤ ਮੰਦਰ, ਪੰਡੋਰਾ ਮੁਹੱਲਾ, ਨਵਾਂ ਸ਼ਹਿਰ
- ਪੰਜਾਬ ਐਂਡ ਸਿੰਧ ਬੈਂਕ ਕੀਰਤਨ ਅਕੈਡਮੀ, ਗਰੀਨ ਪਾਰਕ, ਜਲੰਧਰ
- ਬਾਵਰਾ ਮਿਊਜ਼ਿਕ ਕਾਲਜ, 20, ਗੁਰੂ ਨਾਨਕ ਨਗਰ (ਮਾਡਲ ਟਾਊਨ), ਜਲੰਧਰ
- ਫਾਈਵ ਸਟਾਰ ਸੰਗੀਤ ਸਭਾ, 276-ਆਰ, ਮਾਡਲ ਟਾਊਨ, ਜਲੰਧਰ
- ਸਿੱਖ ਮਿਸ਼ਨਰੀ ਕਾਲਜ (ਰਜਿ:) ਡਬਲਯੂ. ਜੀ. 578, ਸੂਰਜ ਗੰਜ, ਜਲੰਧਰ
- ਭਾਈ ਵੀਰ ਸਿੰਘ ਹਾਲ, ਲਾਰੰਸ ਰੋਡ, ਅੰਮ੍ਰਿਤਸਰ
- ਹੰਸਪਾਲ ਗੁਰਬਾਣੀ ਸੰਗੀਤ ਅਕੈਡਮੀ 232, ਈਸਟ ਮੋਹਨ ਨਗਰ, ਅੰਮ੍ਰਿਤਸਰ
- ਸਚਦੇਵਾ ਸੰਗੀਤ ਅਕੈਡਮੀ ਗੁਰਦੁਆਰਾ ਰੋਡ, ਮਲੋਟ
- ਮਸਤਾਨਾ ਮਿਊਜ਼ਿਕ ਅਕੈਡਮੀ, ਮਲੋਟ
- ਜੀ. ਐਸ. ਸਰਦਾਰ, 1-98, ਰਾਜਿੰਦਰ ਨਗਰ, ਨਵੀਂ ਦਿੱਲੀ
- ਗੁਰਮਤ ਵਿਦਿਆਲਾ ਗੁ: ਰਕਾਬ ਗੰਜ, ਨਵੀਂ ਦਿੱਲੀ
- ਗੁਰਬਾਣੀ ਸੰਗੀਤ ਅਕੈਡਮੀ, 69/2, ਪੁਡਾਪੁਕਰ ਰੋਡ, ਕਲੱਕਤਾ

Regd. No. Chandigarh Div./42/99 RNI Regd. No. 46788/89 ISSN-002045

*STATE OF ART HEARING AIDS*
*AVAILABLE IN ALL MODELS*

BONE CONDUCTION SPECTACLE
AIR CONDUCTION SPECTACLE
IN THE CANAL
BEHIND THE EAR
POCKET MODEL
AND
*MANY MORE ATTRACTIVE MODELS*

visit

Dr. PREETI AHUJA

*Sounds*

THE HEARING AID PEOPLE
C - 353, DEFENCE COLONY
NEW DELHI 110 024
PHONE : 011 - 4620485